ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਵੀਰਵਾਰ 19 ਜੂਨ 2025 • ਸਾਲ 1 • ਅੰਕ 76 • ਪੰਨੇ 8 • Daily online PANJ AAB Newspaper • Germany & India • www.5aab.media

## ਰਾਤ ਦੇ ਹਨੇਰੇ 'ਚ ਹਸਪਤਾਲ 'ਚ ਚੱਲ ਰਿਹਾ ਸੀ ਦੇਹ ਵਪਾਰ ਦਾ ਧੰਦਾ , ਮੌਕੇ ਤੋਂ 2 ਔਰਤਾਂ ਗ੍ਰਿਫ਼ਤਾਰ

**ਕਟਿਹਾਰ** - ਬਿਹਾਰ ਦੇ ਕਟਿਹਾਰ ਤੋਂ ਇੱਕ ਵੱਡੀ ਖ਼ਬਰ ਆ ਰਹੀ ਹੈ ,ਜਿੱਥੇ ਇੱਕ ਹਸਪਤਾਲ ਤੋਂ ਇੱਕ ਸੈਕਸ ਰੈਕੇਟ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਖ਼ਬਰ ਤੋਂ ਬਾਅਦ ਆਲੇ-ਦੁਆਲੇ ਦੇ ਇਲਾਕੇ ਵਿੱਚ ਹੜਕੰਪ ਮਚ ਗਿਆ। ਇਸ ਦੇ ਨਾਲ ਹੀ ਸੁਰੱਖਿਆ ਗਾਰਡਾਂ ਨੇ ਦੋ ਔਰਤਾਂ ਨੂੰ ਰੰਗੇ ਹੱਥੀਂ ਫੜ ਕੇ ਸ਼ਹਿਰ ਦੇ ਪੁਲਿਸ ਸਟੇਸ਼ਨ ਦੇ ਹਵਾਲੇ ਕਰ ਦਿੱਤਾ। ਜਿਸ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ। ਦਰਅਸਲ, ਦੋਵੇਂ ਆਰੋਪੀ ਔਰਤਾਂ ਪਿਛਲੇ ਕਈ ਦਿਨਾਂ ਤੋਂ ਸਦਰ ਹਸਪਤਾਲ ਆ ਰਹੀਆਂ ਸਨ। ਜਿਸ ਤੋਂ ਬਾਅਦ ਹਸਪਤਾਲ ਵਿੱਚ (ਬਾਕੀ 2 ਤੇ)

# ਮੇਰੀ ਘਰੇਲੂ ਫ਼ੋਟੋਆਂ ਜਨਤਕ ਕਰਨ ਦੀ ਮਜੀਠੀਆ ਦੀ ਘਟੀਆ ਰਾਜਨੀਤੀ - ਰਵਜੋਤ

## ਮੈਂ ਦਲਿਤ ਹਾਂ, ਇਸ ਲਈ ਮਜੀਠੀਆ ਨੇ ਮੈਨੂੰ ਅਪਮਾਨਿਤ ਕਰਨ ਦੀ ਸਾਜ਼ਿਸ਼ ਰਚੀ



**ਕੀ ਮਜੀਠੀਆ ਦੀ ਆਪਣੀ ਪਤਨੀ ਨਾਲ ਕੋਈ ਫ਼ੋਟੋ ਨਹੀਂ ਹੋਵੇਗੀ? ਕੀ ਕਿਸੇ ਦੇ ਬੈੱਡਰੂਮ ਵਿੱਚ ਝਾਕਣਾ ਠੀਕ ਹੈ?**

**ਜਲੰਧਰ (ਬਾਠ)** - ਆਮ ਆਦਮੀ ਪਾਰਟੀ (ਆਪ) ਦੇ ਮੰਤਰੀ ਡਾ.ਰਵਜੋਤ ਸਿੰਘ ਨੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਉਨ੍ਹਾਂ 'ਤੇ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਅਤੇ ਅਪਮਾਨਜਨਕ ਦੱਸਿਆ। ਉਨ੍ਹਾਂ ਦੇ ਨਾਲ 'ਆਪ' ਪੰਜਾਬ ਦੇ ਜਨਰਲ ਸਕੱਤਰ ਦੀਪਕ ਬਾਲੀ ਅਤੇ 'ਆਪ' ਨੇਤਾ ਤਰਨਦੀਪ ਸੰਨੀ ਵੀ ਮੌਜੂਦ ਸਨ।

ਡਾ. ਰਵਜੋਤ ਨੇ ਸੋਸ਼ਲ ਮੀਡੀਆ 'ਤੇ ਇੱਕ ਸੰਪਾਦਿਤ ਫੋਟੋ ਪ੍ਰਸਾਰਿਤ ਕਰਕੇ ਉਨ੍ਹਾਂ ਦੀ ਨਿੱਜੀ ਅਤੇ ਰਾਜਨੀਤਿਕ ਸਾਖ ਨੂੰ ਬਦਨਾਮ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਇਸ ਕਾਰਵਾਈ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਸਭ ਤੋਂ ਘਟੀਆ ਦੱਸਿਆ, ਜਿਸਦਾ ਉਦੇਸ਼ ਔਰਤਾਂ ਦੇ ਮਾਣ ਨੂੰ ਢਾਹ ਲਗਾਉਣਾ ਅਤੇ ਦਲਿਤ (ਐਸਸੀ) ਭਾਈਚਾਰੇ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣਾ ਹੈ।

ਡਾ. ਰਵਜੋਤ, ਜੋ ਕਿ 2013 ਤੋਂ ਇੱਕ ਸਮਰਪਿਤ 'ਆਪ' ਨੇਤਾ ਹਨ, ਨੇ ਹੁਸ਼ਿਆਰਪੁਰ ਵਿੱਚ ਇੱਕ ਸਿਹਤ ਸੰਭਾਲ ਪੇਸ਼ੇਵਰ ਵਜੋਂ ਆਪਣੀ ਦੋ ਦਹਾਕਿਆਂ ਦੀ ਸੇਵਾ ਅਤੇ ਪਾਰਟੀ ਦੀ ਤਰੱਕੀ ਵਿੱਚ ਉਨ੍ਹਾਂ ਦੇ ਯੋਗਦਾਨ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਲੁਧਿਆਣਾ ਪੱਛਮੀ ਚੋਣ ਪ੍ਰਚਾਰ ਦੇ ਅਖੀਰਲੇ ਦਿਨ ਹੀ ਸ਼ੁਰੂ ਕੀਤੀ ਗਈ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਬਦਨਾਮ ਕਰਨ ਵਾਲੀ ਮੁਹਿੰਮ 'ਤੇ ਡੂੰਘੀ ਨਿਰਾਸ਼ਾ ਪ੍ਰਗਟ ਕੀਤੀ।

ਡਾ. ਰਵਜੋਤ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਫੋਟੋ ਜਨਤਾ ਨੂੰ ਗੁੰਮਰਾਹ ਕਰਨ ਅਤੇ ਮੈਨੂੰ ਬਦਨਾਮ ਕਰਨ ਦੀ ਇੱਕ ਘਿਣਾਉਣੀ ਅਤੇ ਅਨੈਤਿਕ ਕੋਸ਼ਿਸ਼ ਹੈ। ਇਹ ਔਰਤ ਕਿਸੇ ਦੀ ਧੀ, ਮਾਂ ਜਾਂ ਭੈਣ ਹੈ। ਇਹ ਕਾਰਵਾਈ ਸਿਰਫ਼ ਮੇਰੇ 'ਤੇ ਹਮਲਾ ਨਹੀਂ ਹੈ, ਸਗੋਂ ਸਾਰੀਆਂ ਔਰਤਾਂ ਦਾ ਅਪਮਾਨ ਹੈ। ਇਸ ਤਰ੍ਹਾਂ ਦੀਆਂ ਚਾਲਾਂ ਅਜਿਹੇ ਆਗੂਆਂ ਦੁਆਰਾ ਕੀਤੀ ਜਾ ਰਹੀ ਰਾਜਨੀਤੀ ਦੇ ਸਭ ਤੋਂ ਹੇਠਲੇ ਪੱਧਰ ਦਾ ਪ੍ਰਤੀਬਿੰਬ ਹਨ। ਡਾ. ਰਵਜੋਤ (ਬਾਕੀ 2 ਤੇ)

# ਕਮਲ ਕੌਰ ਭਾਬੀ ਦੇ ਕਤਲ ਮਾਮਲੇ 'ਚ ਗ੍ਰਿਫ਼ਤਾਰ 2 ਆਰੋਪੀਆਂ ਨੂੰ ਅਦਾਲਤ ਨੇ 14 ਦਿਨਾਂ ਦੇ ਜੁਡੀਸ਼ਲ ਰਿਮਾਂਡ 'ਤੇ ਭੇਜਿਆ



**ਲੁਧਿਆਣਾ।** ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੇ ਕਤਲ ਮਾਮਲੇ ਵਿੱਚ ਗ੍ਰਿਫਤਾਰ ਦੋ ਨਿਹੰਗ ਸਿੰਘ ਜਸਪ੍ਰੀਤ ਅਤੇ ਸਿਮਰਨਜੀਤ ਸਿੰਘ ਨੂੰ ਮੁੜ ਬਠਿੰਡਾ ਅਦਾਲਤ ਦੇ ਵਿੱਚ ਕੀਤਾ ਗਿਆ ਪੇਸ਼ ਕੀਤਾ ਗਿਆ ਸੀ। ਜਿੱਥੇ ਮਾਨਯੋਗ ਅਦਾਲਤ ਨੇ ਮੁਲਜ਼ਮ ਜਸਪ੍ਰੀਤ ਸਿੰਘ (ਮੋਗਾ) ਅਤੇ ਨਿਮਰਨਜੀਤ ਸਿੰਘ (ਤਰਨਤਾਰਨ) ਨੂੰ 14 ਦਿਨਾਂ ਦੇ ਜੁਡੀਸ਼ਲ ਰਿਮਾਂਡ 'ਤੇ ਜੇਲ੍ਹ ਭੇਜ ਦਿੱਤਾ ਹੈ। ਗ੍ਰਿਫਤਾਰ ਨਿਹੰਗ ਸਿੰਘਾਂ ਨੂੰ ਅਦਾਲਤ ਵੱਲੋਂ ਜੁਡੀਸ਼ੀਅਲ ਕਸਟਡੀ ਵਿੱਚ ਬਠਿੰਡਾ ਜੇਲ੍ਹ ਭੇਜਣ ਦੇ ਆਦੇਸ਼ ਦਿੱਤੇ ਗਏ ਹਨ।

ਕਮਲ ਕੌਰ ਭਾਬੀ ਦੀ ਮੌਤ ਦਮ ਘੁੱਟਣ ਨਾਲ ਹੋਈ ਸੀ। ਕੰਚਨ ਦੀ ਪੋਸਟਮਾਰਟਮ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਉਸਨੂੰ ਮੌਤ ਤੋਂ ਪਹਿਲਾਂ ਗਲਾ ਘੁੱਟ ਕੇ ਮਾਰਿਆ ਗਿਆ ਸੀ। ਇਸ ਦੇ ਨਾਲ ਹੀ ਮਾਮਲੇ ਦੇ ਮੁੱਖ ਆਰੋਪੀ ਅੰਮ੍ਰਿਤਪਾਲ ਸਿੰਘ ਮਹਿਰੋਂ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਹੁਣ ਪੁਲਿਸ ਨੇ ਉਸਨੂੰ ਯੂਏਈ ਤੋਂ ਵਾਪਸ ਲਿਆਉਣ ਲਈ ਗ੍ਰਿਫ਼ਤਾਰੀ ਵਾਰੰਟ ਦੀ ਇੱਕ ਕਾਪੀ ਉੱਥੋਂ ਦੇ ਅਧਿਕਾਰੀਆਂ ਨੂੰ ਭੇਜਣ ਦੀ ਤਿਆਰੀ ਕਰ ਲਈ ਹੈ।

ਇਸ ਪੂਰੀ ਘਟਨਾ ਦੀ ਜ਼ਿੰਮੇਵਾਰੀ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਲਈ ਹੈ, ਜੋ ਘਟਨਾ ਤੋਂ ਬਾਅਦ ਯੂਏਈ ਭੱਜ ਗਿਆ ਸੀ। ਪੁਲਿਸ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਫੜਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਉਹ ਕਿਤੇ ਨਹੀਂ ਮਿਲਿਆ। ਜਦੋਂ 15 ਜੂਨ ਨੂੰ ਲੁੱਕਆਊਟ ਨੋਟਿਸ ਜਾਰੀ ਕੀਤਾ ਗਿਆ। ਜਾਂਚ ਦੌਰਾਨ ਇਹ (ਬਾਕੀ 2 ਤੇ)

# 3000 ਰੁਪਏ ਵਿੱਚ ਮਿਲੇਗਾ ਸਾਲਾਨਾ ਫਾਸਟੈਗ ਰੀਚਾਰਜ, 15 ਅਗਸਤ ਤੋਂ ਸ਼ੁਰੂ ਹੋਵੇਗੀ ਸਰਵਿਸ



ਨਵੀਂ ਦਿੱਲੀ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਬੁੱਧਵਾਰ ਨੂੰ ਇੱਕ ਇਤਿਹਾਸਕ ਪਹਿਲਕਦਮੀ ਦਾ ਐਲਾਨ ਕੀਤਾ। 15 ਅਗਸਤ, 2025 ਤੋਂ ਨਿੱਜੀ ਵਾਹਨਾਂ (ਜਿਵੇਂ ਕਿ ਕਾਰਾਂ, ਜੀਪਾਂ, ਵੈਨਾਂ ਆਦਿ) ਲਈ ?3,000 ਦਾ FASTag ਅਧਾਰਤ ਸਾਲਾਨਾ ਪਾਸ ਜਾਰੀ ਕੀਤਾ ਜਾਵੇਗਾ। ਇਹ ਪਾਸ ਐਕਟੀਵੇਸ਼ਨ ਦੀ ਮਿਤੀ ਤੋਂ ਇੱਕ ਸਾਲ ਜਾਂ 200 ਯਾਤਰਾਵਾਂ, ਜੋ ਵੀ ਪਹਿਲਾਂ ਹੋਵੇ, ਲਈ ਵੈਧ ਹੋਵੇਗਾ।

ਇਹ ਸਹੂਲਤ ਵਿਸ਼ੇਸ਼ ਤੌਰ 'ਤੇ ਗੈਰ-ਵਪਾਰਕ ਵਾਹਨਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਹੈ, ਤਾਂ ਜੋ ਰਾਸ਼ਟਰੀ ਰਾਜਮਾਰਗਾਂ 'ਤੇ ਸੁਚਾਰੂ ਅਤੇ ਸਹਿਜ ਯਾਤਰਾ ਨੂੰ ਯਕੀਨੀ ਬਣਾਇਆ ਜਾ ਸਕੇ। ਗਡਕਰੀ ਨੇ ਦੱਸਿਆ ਕਿ ਇਸ ਪਾਸ ਲਈ ਇੱਕ ਵੱਖਰਾ ਲਿੰਕ ਜਲਦੀ ਹੀ NHAI ਅਤੇ MoRTH ਦੀਆਂ ਵੈੱਬਸਾਈਟਾਂ ਅਤੇ 'ਹਾਈਵੇ ਟਰੈਵਲ ਐਪ' 'ਤੇ ਉਪਲਬਧ ਕਰਵਾਇਆ ਜਾਵੇਗਾ, ਜੋ ਪਾਸ ਦੀ ਕਿਰਿਆਸ਼ੀਲਤਾ ਅਤੇ ਨਵੀਨੀਕਰਨ ਨੂੰ ਸਰਲ ਅਤੇ ਸੁਵਿਧਾਜਨਕ ਬਣਾ ਦੇਵੇਗਾ।

ਨਵੀਂ ਸਾਲਾਨਾ ਪਾਸ ਨੀਤੀ ਦਾ ਉਦੇਸ਼ 60 ਕਿਲੋਮੀਟਰ ਦੇ ਘੇਰੇ ਵਿੱਚ ਸਥਿਤ ਟੋਲ ਪਲਾਜ਼ਿਆਂ ਨਾਲ ਸਬੰਧਤ ਪੁਰਾਣੇ ਮੁੱਦਿਆਂ ਨੂੰ ਹੱਲ ਕਰਨਾ ਹੈ। ਇਸਦੇ ਮੁੱਖ ਫਾਇਦੇ ਇੱਕ ਸਿੰਗਲ ਡਿਜੀਟਲ ਟ?ਰਾਂਜੈਕਸ਼ਨ ਰਾਹੀਂ ਟੋਲ ਭੁਗਤਾਨ ਨੂੰ ਆਸਾਨ ਬਣਾਉਣਾ, ਟੋਲ ਪਲਾਜ਼ਿਆਂ 'ਤੇ ਉਡੀਕ ਸਮਾਂ ਘਟਾਉਣਾ, ਭੀੜ-ਭੜੱਕੇ ਨੂੰ ਘਟਾਉਣਾ ਅਤੇ ਵਿਵਾਦਾਂ ਨੂੰ ਖਤਮ ਕਰਨਾ (ਬਾਕੀ 2 ਤੇ)

## ਨੌਜਵਾਨ ਨੇ ਜ਼ਹਿਰ ਖਾ ਕੇ ਆਪਣੀ ਜੀਵਨ ਲੀਲ੍ਹਾ ਕੀਤੀ ਸਮਾਪਤ

**ਜਲੰਧਰ (ਬਾਠ)** - ਜਲੰਧਰ ਦੇ ਬਸਤੀ ਦਾਨਿਸ਼ਮੰਦਾ ਇਲਾਕੇ ਵਿੱਚ ਰਹਿਣ ਵਾਲੇ 33 ਸਾਲਾ ਵਿਅਕਤੀ ਨੇ ਆਪਣੀ ਪਤਨੀ ਅਤੇ ਸਹੁਰਿਆਂ ਤੋਂ ਤੰਗ ਆ ਕੇ ਵਿਆਹ ਤੋਂ 2 ਮਹੀਨੇ ਬਾਅਦ ਹੀ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਛਾਣ ਇੰਦਰਾ ਅਰੋੜਾ ਵਜੋਂ ਹੋਈ ਹੈ। ਇੰਦਰਾ ਅਰੋੜਾ ਨੇ ਘਰ ਵਿੱਚ ਸਲਫਾਸ ਦੀਆਂ ਗੋਲੀਆਂ ਨਿਗਲ ਲਈਆਂ ਸਨ,ਜਿਸ ਤੋਂ ਬਾਅਦ ਪਰਿਵਾਰ ਨੇ ਉਸਨੂੰ ਤੁਰੰਤ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ।

ਜਾਣਕਾਰੀ ਅਨੁਸਾਰ ਮ੍ਰਿਤਕ ਦੇ ਪਿਤਾ ਰਾਜੇਂਦਰ ਕੁਮਾਰ ਨੇ ਪੁਲਿਸ ਨੂੰ ਦੱਸਿਆ ਕਿ ਉਹ ਅੰਮ੍ਰਿਤਸਰ 'ਚ ਇੱਕ ਫੂਡ ਦੀ ਦੁਕਾਨ ਚਲਾਉਂਦਾ ਹੈ। ਮੰਗਲਵਾਰ ਨੂੰ ਜਦੋਂ ਉਹ ਆਪਣੇ ਘਰ ਵਿੱਚ ਮੌਜੂਦ ਸੀ ਤਾਂ ਉਸਦੀ ਪਤਨੀ ਬੇਟੇ ਦੇ ਕਮਰੇ ਵਿੱਚ ਗਈ ਤਾਂ ਬੇਟਾ ਉਲਟੀਆਂ ਕਰ ਰਿਹਾ ਸੀ। ਪਰਿਵਾਰ ਨੇ ਤੁਰੰਤ ਇੰਦਰਾ ਨੂੰ (ਬਾਕੀ 2 ਤੇ)

### ਬੁਲੰਦਸ਼ਹਿਰ 'ਚ ਵਾਪਰਿਆ ਦਰਦਨਾਕ ਹਾਦਸਾ

## ਪੁੱਲ ਨਾਲ ਟਕਰਾਉਣ ਕਾਰਨ ਕਾਰ ਨੂੰ ਲੱਗੀ ਅੱਗ, 5 ਲੋਕ ਜ਼ਿੰਦਾ ਸੜੇ



ਬੁਲੰਦਸ਼ਹਿਰ। ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਇੱਥੇ ਇੱਕ ਕਾਰ ਇੱਕ ਪੁਲੀ ਨਾਲ ਟਕਰਾ ਗਈ ਅਤੇ ਪਲਟ ਗਈ ਅਤੇ ਫਿਰ ਅੱਗ ਲੱਗ ਗਈ। ਹਾਦਸੇ ਵਿੱਚ ਕਾਰ ਵਿੱਚ ਸਵਾਰ ਪੰਜ ਲੋਕ ਜ਼ਿੰਦਾ ਸੜ ਗਏ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ। ਰਿਪੋਰਟਾਂ ਅਨੁਸਾਰ ਜਹਾਂਗੀਰਾਬਾਦ ਥਾਣਾ ਖੇਤਰ ਦੇ ਜਹਾਂਗੀਰਾਬਾਦ-ਬੁਲੰਦਸ਼ਹਿਰ ਸੜਕ 'ਤੇ ਚੰਦੌਕ ਕਰਾਸਿੰਗ ਨੇੜੇ ਬਦਾਯੂੰ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਇੱਕ ਪੁਲੀ ਨਾਲ ਟਕਰਾ ਗਈ। ਕਾਰ ਨੂੰ ਅੱਗ ਲੱਗ ਗਈ। ਹਾਦਸੇ ਵਿੱਚ ਇੱਕ ਮਾਸੂਮ ਬੱਚੀ ਸਮੇਤ ਕੁੱਲ ਪੰਜ ਲੋਕ ਜ਼ਿੰਦਾ ਸੜ ਗਏ। ਜਦੋਂ ਕਿ (ਬਾਕੀ 2 ਤੇ)

# ਭਾਰਤ ਭੂਸ਼ਨ ਆਸ਼ੂ ਦੀ ਪੁਲਿਸ ਨਾਲ ਝੜਪ

## ਕਾਂਗਰਸੀ ਵਰਕਾਰਂ ਨੂੰ ਪ੍ਰੇਸ਼ਾਨ ਕਰਨ ਦੇ ਲਗਾਏ ਇਲਜ਼ਾਮ



**ਲੁਧਿਆਣਾ** - ਲੁਧਿਆਣਾ ਪੱਛਮੀ ਉਪ ਚੋਣ ਤੋਂ ਇੱਕ ਦਿਨ ਪਹਿਲਾਂ, ਥਾਣਾ ਡਿਵੀਜ਼ਨ 5 ਦੇ ਐਸਐਚਓ, ਜੋ ਜਵਾਹਰ ਨਗਰ ਕੈਂਪ ਵਿਖੇ ਇੱਕ ਕਾਂਗਰਸੀ ਵਰਕਰ ਨੂੰ ਗ੍ਰਿਫ਼ਤਾਰ ਕਰਨ ਆਏ ਸਨ, ਦੀ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨਾਲ ਬਹਿਸ ਤੋਂ ਬਾਅਦ ਝੜਪ ਹੋ ਗਈ।ਆਸ਼ੂ ਨੇ ਇਲਜ਼ਾਮ ਲਾਇਆ ਕਿ ਪੁਲਿਸ ਉਨ੍ਹਾਂ ਦੇ ਵਰਕਰਾਂ ਨੂੰ ਮੌਕੇ 'ਤੇ ਹੀ ਝੂਠੀਆਂ ਸ਼ਿਕਾਇਤਾਂ ਲਿਖ ਕੇ ਅਤੇ ਉਨ੍ਹਾਂ ਦੇ ਘਰਾਂ ਤੋਂ ਜ਼ਬਰਦਸਤੀ ਗ੍ਰਿਫ਼ਤਾਰ ਕਰਕੇ ਪ੍ਰੇਸ਼ਾਨ ਕਰ ਰਹੀ ਹੈ। ਇਸ ਦੌਰਾਨ ਕੇਚਰ ਮਾਰਕੀਟ ਪੁਲਿਸ ਚੌਕੀ ਦੇ ਇੰਚਾਰਜ ਨੇ ਇੱਕ ਲਿਖਤੀ ਸ਼ਿਕਾਇਤ ਲਿਆਂਦੀ, ਜਿਸ ਨੂੰ ਆਸ਼ੂ ਨੇ ਪਾੜ ਕੇ ਸੁੱਟ ਦਿੱਤਾ। ਇਸ ਵੇਲੇ ਸੈਂਕੜੇ ਵਰਕਰ ਅਤੇ ਆਸ਼ੂ ਥਾਣੇ ਪਹੁੰਚ ਗਏ ਹਨ, ਉੱਥੇ ਅਜੇ ਵੀ ਹਫੜਾ-ਦਫੜੀ ਮਚੀ ਹੋਈ ਹੈ।

ਆਸ਼ੂ ਨੇ ਇਲਜ਼ਾਮ ਲਾਇਆ ਕਿ ਪੁਲਿਸ ਉਨ੍ਹਾਂ ਦੇ ਵਰਕਰਾਂ ਨੂੰ ਮੌਕੇ 'ਤੇ ਹੀ ਝੂਠੀਆਂ ਸ਼ਿਕਾਇਤਾਂ ਲਿਖ ਕੇ ਅਤੇ ਉਨ੍ਹਾਂ ਦੇ ਘਰਾਂ ਤੋਂ ਜ਼ਬਰਦਸਤੀ ਗ੍ਰਿਫ਼ਤਾਰ ਕਰਕੇ ਪ੍ਰੇਸ਼ਾਨ ਕਰ ਰਹੀ ਹੈ। ਇਸ ਦੌਰਾਨ, ਕੇਚਰ ਮਾਰਕੀਟ ਪੁਲਿਸ ਚੌਕੀ ਦੇ ਇੰਚਾਰਜ ਨੇ ਇੱਕ ਲਿਖਤੀ ਸ਼ਿਕਾਇਤ ਲਿਆਂਦੀ ਜਿਸ ਨੂੰ ਆਸ਼ੂ ਨੇ ਪਾੜ ਕੇ ਸੁੱਟ ਦਿੱਤਾ। ਇਸ ਵੇਲੇ ਸੈਂਕੜੇ ਵਰਕਰ ਅਤੇ ਆਸ਼ੂ ਥਾਣੇ ਪਹੁੰਚ ਗਏ ਹਨ, ਉੱਥੇ ਅਜੇ ਵੀ ਹਫੜਾ-ਦਫੜੀ ਜਾਰੀ ਹੈ।

ਪਹਿਲਾਂ ਵੀ ਹੋਈ ਸੀ ਹੰਗਾਮਾ

ਜਵਾਹਰ ਨਗਰ ਕੈਂਪ ਵਿੱਚ ਕੱਲ੍ਹ ਰਾਤ 10 ਵਜੇ ਹੰਗਾਮਾ ਹੋਇਆ ਸੀ। ਕਾਂਗਰਸੀ ਵਰਕਰਾਂ ਦੇ ਅਨੁਸਾਰ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਕੁਝ ਇਲਾਕਿਆਂ ਵਿੱਚ ਲੋਕਾਂ ਨੂੰ ਰਾਸ਼ਨ ਤੇ ਸੂਟ ਵੰਡੇ ਜਾ ਰਹੇ ਹਨ। ਸੂਚਨਾ ਮਿਲਦੇ ਹੀ ਕਾਂਗਰਸੀ (ਬਾਕੀ 2 ਤੇ)

# ਭਾਰੀ ਮੀਹ ਕਾਰਨ ਗਰੀਬ ਮਜ਼ਦੂਰ ਦੇ ਘਰ ਦੀ ਡਿੱਗੀ ਕੰਧ



**ਸਮਰਾਲਾ** - ਸਮਰਾਲਾ ਵਿੱਚ ਬੀਤੇ ਦਿਨ ਤੋਂ ਪੈ ਰਹੀ ਬਾਰਿਸ਼ ਕਾਰਨ ਲੋਕਾਂ ਨੇ ਸੁੱਖ ਦਾ ਸਾਹ ਲਿਆ ਲੋਕਾਂ ਨੂੰ ਗਰਮੀ ਤੋਂ ਕਾਫੀ ਰਾਹਤ ਮਿਲੀ। ਪਰ ਭਾਰੀ ਮੀਂਹ ਕਾਰਨ ਸਮਰਾਲਾ ਦੇ ਮਹੱਲਾ ਡਾਕਟਰ ਅੰਬੇਦਕਰ ਨਗਰ ਵਿੱਚ ਇੱਕ ਗਰੀਬ ਮਜ਼ਦੂਰ ਪਰਿਵਾਰ ਦੇ ਘਰ ਦੀ ਕੰਧ ਗਿਰ ਗਈ , ਮਜ਼ਦੂਰੀ ਕਰਕੇ ਇਸ ਪਰਿਵਾਰ ਨੇ ਆਪਣਾ ਮਕਾਨ ਬਣਾਇਆ ਸੀ ਜਿਸ ਵਿੱਚ ਦੋ ਕਮਰੇ ਅਤੇ ਗੁਸਲਖਾਨਾ ਅਤੇ ਇੱਕ ਪਖਾਨਾ ਬਣਾਇਆ ਸੀ।

ਬੀਤੀ ਰਾਤ ਤੇਜ਼ ਮੀਂਹ ਕਾਰਨ ਇਸ ਗਰੀਬ ਪਰਿਵਾਰ ਦੀ ਕੰਧ ਡਿੱਗ ਗਈ। ਜਿਸ ਨਾਲ ਘਰ ਦਾ ਗੁਸਲਖਾਨਾ ਅਤੇ ਪਖਾਨਾ ਵੀ ਗਿਰ ਗਿਆ। ਪਰਿਵਾਰਿਕ ਮੈਂਬਰਾਂ ਨੇ ਇਲਜ਼ਾਮ ਲਗਾਇਆ ਕਿ ਘਰ ਦੇ ਨਾਲ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਖੇਤ ਹਨ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਵੀ ਇੱਕ ਕੰਧ ਬਣਾਈ ਗਈ ਸੀ ਅਤੇ ਕੰਧ ਦੇ ਨਾਲ ਪਈ ਮਿੱਟੀ ਚੁੱਕ ਲਈ ਗਈ ਜਿਸ ਕਾਰਨ ਭਾਰੀ ਮੀਂਹ ਨਾਲ ਕੰਧ ਦੀਆਂ ਨੀਹਾਂ ਵਿੱਚ ਪਾਣੀ ਪੈ ਗਿਆ ਅਤੇ ਕੰਧ ਡਿੱਗ ਗਈ।

ਦੂਜੇ ਪਾਸੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਾਕਟਰ ਵੀਰ ਪ੍ਰਤਾਪ ਸਿੰਘ ਸਹਾਇਕ ਪ੍ਰੋਫੈਸਰ ਨੇ ਆਖਿਆ ਕਿ ਡਿੱਗੀ ਹੋਈ ਕੰਧ ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਵੱਲੋਂ ਕੀਤੀ ਗਈ ਸੀ ਡਾਕਟਰ ਪ੍ਰਤਾਪ ਸਿੰਘ ਨੇ ਆਖਿਆ ਕਿ ਮਹੱਲਾ ਵਾਸੀਆਂ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਜਮੀਨ ਵਿੱਚ ਗੰਦਾ ਪਾਣੀ ਸੁੱਟਿਆ (ਬਾਕੀ 2 ਤੇ)

## ਈਰਾਨ ਸਰੰਡਰ ਨਹੀਂ ਕਰੇਗਾ, ਖਾਮੇਨੀ ਦੀ ਅਮਰੀਕਾ ਨੂੰ ਦੋ ਟੁੱਕ

# ਇਜ਼ਰਾਈਲ ਨੂੰ ਚੁਕਾਉਣੀ ਪਵੇਗੀ ਕੀਮਤ



**ਆਯਤੁੱਲਾ ਅਲੀ ਖਮੇਨੀ ਨੇ ਕੋਈ ਰਹਿਮ ਨਾ ਕਰਨ ਦੀ ਸਹੁੰ ਖਾਧੀ**

ਈਰਾਨ ਦੇ ਸੁਪਰੀਮ ਲੀਡਰ ਆਯਤੁੱਲਾ ਅਲੀ ਖਮੇਨੀ ਨੇ ਬੁੱਧਵਾਰ ਨੂੰ ਸਹੁੰ ਖਾਧੀ ਕਿ ਉਨ੍ਹਾਂ ਦਾ ਦੇਸ਼ ਇਜ਼ਰਾਈਲ ਦੇ ਸ਼ਾਸਕਾਂ 'ਤੇ ਕੋਈ ਰਹਿਮ ਨਹੀਂ ਕਰੇਗਾ। 'ਸਾਨੂੰ ਅੱਤਵਾਦੀ ਜ਼ਾਇਓਨਿਸਟ ਸ਼ਾਸਨ ਨੂੰ ਸਖ਼ਤ ਜਵਾਬ ਦੇਣਾ ਚਾਹੀਦਾ ਹੈ। ਅਸੀਂ ਜ਼ਾਇਓਨਿਸਟਾਂ 'ਤੇ ਕੋਈ ਰਹਿਮ (ਬਾਕੀ 2 ਤੇ)

**ਈਰਾਨ** - ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਨੇ ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ ਅਮਰੀਕਾ ਅਤੇ ਇਜ਼ਰਾਈਲ 'ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਅਮਰੀਕਾ ਇਸ ਯੁੱਧ ਵਿੱਚ ਸ਼ਾਮਲ ਹੁੰਦਾ ਹੈ, ਤਾਂ ਇਸ ਨਾਲ ਨੁਕਸਾਨ ਹੀ ਵਧੇਗਾ। ਉਨ੍ਹਾਂ ਕਿਹਾ ਕਿ ਸਾਡੀਆਂ ਫੌਜਾਂ ਬਚਾਅ ਲਈ ਤਿਆਰ ਹਨ। ਇਜ਼ਰਾਈਲ ਨੇ ਇੱਕ ਵੱਡੀ ਗਲਤੀ ਕੀਤੀ ਹੈ, ਜਿਸਦੀ ਕੀਮਤ ਉਸਨੂੰ ਚੁਕਾਉਣੀ ਪਵੇਗੀ। ਉਨ੍ਹਾਂ ਇਹ ਵੀ ਕਿਹਾ ਹੈ ਕਿ ਈਰਾਨ ਦੇ ਲੋਕ ਸ਼ਹੀਦਾਂ ਦੇ ਖੂਨ ਨੂੰ ਕਦੇ ਨਹੀਂ ਭੁੱਲਣਗੇ। ਖਮੇਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬਿਨਾਂ ਸ਼ਰਤ ਆਤਮ ਸਮਰਪਣ ਦੀ ਅਪੀਲ ਨੂੰ ਵੀ ਰੱਦ ਕਰ ਦਿੱਤਾ ਹੈ।

ਜਿਵੇਂ ਹੀ ਈਰਾਨ ਅਤੇ ਇਜ਼ਰਾਈਲ ਵਿਚਕਾਰ ਟਕਰਾਅ ਸ਼ੁਰੂ ਹੋਇਆ, ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਇਸਦਾ ਭਾਰਤ ਅਤੇ ਦੁਨੀਆ ਭਰ ਦੇ ਸਟਾਕ ਬਾਜ਼ਾਰਾਂ 'ਤੇ ਕੀ ਪ੍ਰਭਾਵ ਪਵੇਗਾ? ਕੀ ਇਸ ਨਾਲ ਮਹਿੰਗਾਈ ਵਧੇਗੀ? ਕੀ ਇਸ ਨਾਲ ਗੈਸ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਧ ਜਾਣਗੀਆਂ ਕਿਉਂਕਿ ਈਰਾਨ ਕੋਲ ਤੇਲ ਅਤੇ ਗੈਸ ਦੇ ਵੱਡੇ ਭੰਡਾਰ ਹਨ।

ਤੁਹਾਨੂੰ ਦੱਸ ਦੇਈਏ ਕਿ 13 ਜੂਨ ਨੂੰ ਇਜ਼ਰਾਈਲ ਵੱਲੋਂ ਪਹਿਲੀ ਵਾਰ ਈਰਾਨ 'ਤੇ ਹਮਲਾ ਕਰਨ ਤੋਂ ਬਾਅਦ, ਭਾਰਤ ਦੇ ਸਟਾਕ ਬਾਜ਼ਾਰਾਂ 'ਤੇ ਕੋਈ ਖਾਸ ਪ੍ਰਭਾਵ ਨਹੀਂ ਪਿਆ ਹੈ। 13 ਜੂਨ ਨੂੰ ਦੋਵਾਂ ਦੇਸ਼ਾਂ ਵਿਚਕਾਰ ਲੜਾਈ ਸ਼ੁਰੂ ਹੋਣ ਤੋਂ ਬਾਅਦ, ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 11% ਦਾ ਵਾਧਾ ਹੋਇਆ (ਬਾਕੀ 2 ਤੇ)

# ਖੰਨਾ ਪੁਲਿਸ ਵੱਲੋ ਖੰਨਾ ਵਿਖੇ ਫਾਇਰਿੰਗ ਕਰਨ ਵਾਲੇ 05 ਦੋਸ਼ੀ ਨਜ਼ਾਇਜ਼ ਅਸਲੇ ਸਮੇਤ ਕਾਬੂ

## ਮੁੱਖ ਦੋਸ਼ੀ ਗਗਨਦੀਪ ਸਿੰਘ ਵੱਲੋ ਏਸਆਈ ਤਰਵਿੰਦਰ ਕੁਮਾਰ ਐਸਐਚਓ ਅਤੇ ਪੁਲਿਸ ਪਾਰਟੀ ਨੂੰ ਮਾਰ ਦੇਣ ਅਤੇ ਭੱਜਣ ਦੀ ਨੀਅਤ ਨਾਲ ਫਾਇਰਿੰਗ ਕੀਤੀ





**ਖੰਨਾ, ਲਾਲ ਸਿੰਘ ਮਾਂਗਟ**

ਮਾਨਯੋਗ ਸ੍ਰੀ ਗੌਰਵ ਯਾਦਵ IPS, DGP ਪੰਜਾਬ, ਚੰਡੀਗੜ੍ਹ ਅਤੇ ਮਾਨਯੋਗ ਸ੍ਰੀਮਤੀ ਨਿਲੰਬਰੀ ਵਿਜੇ ਜਗਦਲੇ IPS, DIG ਲੁਧਿਆਣਾ, ਰੇਂਜ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧਰ. ਜੋਤੀ ਯਾਦਵ ਬੈਂਸ IPS, SSP ਖੰਨਾ ਦੀ ਰਹਿਨੁਮਾਈ ਹੇਠ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਚਲਾਈ ਮੁਹਿੰਮ ਅਧੀਨ ਸ੍ਰੀ ਪਵਨਜੀਤ PPS, SP (I) ਖੰਨਾ ਦੀ ਸੁਪਰਵੀਜਨ ਤਹਿਤ ਸ੍ਰੀ ਕਰਮਵੀਰ ਸਿੰਘ ਤੁਰ DSP, CAWC ਖੰਨਾ, ਸ੍ਰੀ ਤਰਲੋਚਨ ਸਿੰਘ PPS, DSP ਸਮਰਾਲਾ, Insp. ਵਿਨੋਦ ਕੁਮਾਰ SHO, ਥਾਣਾ ਸਿਟੀ ਖੰਨਾ, SI ਤਰਵਿੰਦਰ ਕੁਮਾਰ SHO, ਥਾਣਾ ਸਿਟੀ-2 ਖੰਨਾ ਵੱਲੋ ਮੁਕੱਦਮਾ ਨੰਬਰ 106 ਮਿਤੀ 16.06.2025 ਅਨੁਸਾਰ ਥਾਣਾ ਸਿਟੀ-2 ਖੰਨਾ ਦੇ 05 ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਗਿਆ। ਜਿਹਨਾਂ ਨੂੰ ਗ੍ਰਿਫਤਾਰ ਕਰਨ ਸਮੇਂ ਮੁੱਖ ਦੋਸ਼ੀ ਗਗਨਦੀਪ ਸਿੰਘ 0 ਗੈਰੀ 0 ਰਾਵਣ ਵੱਲੋ SI ਤਰਵਿੰਦਰ ਕੁਮਾਰ SHO, ਥਾਣਾ ਸਿਟੀ-2 ਖੰਨਾ ਅਤੇ ਪੁਲਿਸ ਪਾਰਟੀ ਨੂੰ ਮਾਰ ਦੇਣ ਅਤੇ ਭੱਜਣ ਦੀ ਨੀਅਤ ਨਾਲ ਫਾਇਰਿੰਗ ਕੀਤੀ, ਜਿਸ ਤੋਂ ਬਾਅਦ ਪੁਲਿਸ ਪਾਰਟੀ ਦੇ ਬਚਾਅ ਲਈ ਹੋਏ ਐਨਕਾਊਂਟਰ ਵਿੱਚ ਮੁੱਖ ਦੋਸ਼ੀ ਗਗਨਦੀਪ ਸਿੰਘ (a) ਗੈਰੀ 0 ਰਾਵਣ ਫਾਇਰ ਨਾਲ ਜ਼ਖਮੀ ਹੋਇਆ।

ਦੱਸਿਆ ਜਾ ਰਿਹਾ ਹੈ ਨਿਖਿਲ ਪੁੱਤਰ ਧਰਮਿੰਦਰ ਕੁਮਾਰ ਵਾਸੀ ਪਿੰਡ ਬਾਹਮਣਮਾਜਰਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪ੍ਰਭਜੋਤ ਸਿੰਘ ਸ਼ੈਫੀ ਪੁੱਤਰ ਜੋਰਾ ਸਿੰਘ ਵਾਸੀ ਪਿੰਡ ਰੰਧਾਵਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਅਮਨਦੀਪ ਸਿੰਘ 0 ਭੋਲੂ ਪੁੱਤਰ ਸੇਵਾ ਰਾਮ ਵਾਸੀ ਤਲਾਣੀਆ ਜਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਸੁਖਬੀਰ ਸਿੰਘ ਭੂਚਾ ਪੁੱਤਰ ਬੀਰਦਵਿੰਦਰ ਸਿੰਘ ਵਾਸੀ ਪਿੰਡ ਸਾਨੀਪੁਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਆਪਣੀ ਗੱਡੀ CH-01AS-1343 ਵਰਨਾ ਵਿੱਚ ਸਰਹਿੰਦ ਤੋਂ ਖੰਨਾ ਸਾਈਡ ਜਾ ਰਹੇ ਸੀ ਤਾਂ ਉਹ ਰਾਮਗੜੀਆ ਭਵਨ ਖੰਨਾ ਦੇ ਸਾਹਮਣੇ ਸਰਵਿਸ ਰੋਡ ਖੰਨਾ ਪਰ ਪੁੱਜੇ ਤਾਂ ਵਕਤ ਕਰੀਬ 9 ਵਜੇ ਪਰ ਪਿਛਲੇ ਪਾਸਿਓ ਇੱਕ ਸਕਾਰਪਿਓ ਗੱਡੀ ਪੀਬੀ-132-0063 ਜਿਸ ਵਿੱਚ 05 ਨੌਜਵਾਨ ਸਵਾਰ ਸਨ, ਜਿਹਨਾਂ ਨੇ ਵਰਨਾ ਗੱਡੀ ਨੂੰ ਟੱਕਰ ਮਾਰੀ ਅਤੇ ਫਿਰ ਗੱਡੀ ਨੂੰ ਘੇਰ ਲਿਆ। ਸੁਖਬੀਰ ਸਿੰਘ @ ਭੂਚਾ ਦੇ ਬਿਆਨ ਤੋਂ ਪਾਇਆ ਗਿਆ ਕਿ ਸਕਾਰਪਿਓ ਕਾਰ ਵਿੱਚ ਵਰੁਨ ਸਲਾਰ @ ਜੋਗਾ @ ਜੱਗੂ, ਗੈਰੀ ਵਾਸੀ ਲਲਤੋਂ ਕਲਾਂ, ਗੁਰਮੀਤ ਸਿੰਘ ਗੀਤਾ ਭੁੱਚੀ, ਤੇਜਵੀਰ ਸਿੰਘ ਵਾਸੀ ਮਾਤਾ ਗੁਜਰੀ ਕਲੋਨੀ ਫਤਿਹਗੜ ਸਾਹਿਬ ਅਤੇ ਇੱਕ ਨਾ-ਮਾਲੂਮ ਬੈਠਾ ਸੀ। ਜਦੋ ਵਰਨਾ ਕਾਰ ਵਿੱਚ ਸਵਾਰ ਚਾਰੇ ਵਿਅਕਤੀਆਂ ਵੱਲੋ ਗੱਡੀ ਰੋਕਣ ਦਾ ਕਾਰਨ ਪੁੱਛਿਆ ਤਾਂ ਇੰਨੇ ਨੂੰ ਗੈਰੀ ਅਤੇ ਨਾ-ਮਾਲੂਮ ਵਿਅਕਤੀ ਨੇ ਆਪਣੇ ਹੱਥ ਵਿੱਚ ਫੜ੍ਹੇ ਪਿਸਟਲ ਨਾਲ ਇੱਕਦਮ ਉਨ੍ਹਾਂ ਨੂੰ ਜਾਨ ਤੋਂ ਮਾਰ ਦੇਣ ਦੀ ਨੀਅਤ ਨਾਲ ਆਪਣੇ-ਆਪਣੇ ਪਿਸਟਲਾਂ ਨਾਲ ਫਾਇਰਿੰਗ ਸ਼ੁਰੂ ਕਰ ਦਿੱਤੀ। ਦੋਸ਼ੀ ਗੈਰੀ ਵੱਲੋਂ ਕੀਤੇ ਫਾਇਰ ਨਾਲ ਨਿਖਿਲ ਦੀ ਅੱਖ ਦੇ ਨੀਚੇ ਫਾਇਰ ਲੱਗਾ। ਇੰਨੇ ਨੂੰ ਗੈਰੀ ਵਗੈਰਾ ਆਪਣੀ ਗੱਡੀ ਅਤੇ ਹਥਿਆਰਾਂ ਸਮੇਤ ਲੁਧਿਆਣਾ ਸਾਈਡ ਵੱਲ ਨੂੰ ਆਪਣੀ ਸਕਾਰਪਿਓ ਗੱਡੀ ਭਜਾ ਕੇ ਲੈ ਗਏ। ਜਿਸ ਤੇ ਜ਼ਖਮੀ ਨਿਖਿਲ ਕੁਮਾਰ ਨੂੰ ਇਲਾਜ ਲਈ ਸਿਵਲ ਹਸਪਤਾਲ ਖੰਨਾ ਭੇਜਿਆ ਗਿਆ, ਪਰ ਉਸਦੀ ਹਾਲਤ ਜ਼ਿਆਦਾ ਖਰਾਬ ਹੋਣ ਕਾਰਨ ਉਸਨੂੰ PGI ਹਸਪਤਾਲ ਰੈਫਰ ਕਰ ਦਿੱਤਾ ਗਿਆ। ਜਿੱਥੇ ਪੁੱਜਕੇ ਸੁਖਬੀਰ ਸਿੰਘ 0 ਭੂਚਾ ਦੇ ਬਿਆਨ ਉਪਰ ਸਿਟੀ-2 ਖੰਨਾ ਦਰਜ ਰਜਿਸਟਰ ਕੀਤਾ ਗਿਆ। ਦੌਰਾਨੇ ਤਫਤੀਸ਼ ਮੁਕੱਦਮਾ ਵਿੱਚ ਜੁਰਮ 125). 125 (b) BNS ਦਾ ਵਾਧਾ ਕੀਤਾ ਗਿਆ।

# ਇਨਸਾਨੀਅਤ ਤੋਂ ਵੱਡਾ ਕੋਈ ਧਰਮ ਨਹੀਂ—ਪੀ.ਸੀ. ਕੁਮਾਰ



**ਫਿਰੋਜ਼ਪੁਰ**

ਇਤਿਹਾਸ ਗਵਾਹ ਹੈ ਕਿ ਜਦੋਂ ਕਦੇ ਵੀ ਮਨੁੱਖ ਨੇ ਧਰਮ ਦੇ ਨਾਮ ਤੇ ਮਨੁੱਖਤਾ ਨੂੰ ਭੁਲਾ ਦਿੱਤਾ ਤਾਂ ਵਿਨਾਸ਼ ਨੇ ਜਨਮ ਲਿਆ। ਧਰਮ ਦਾ ਮੂਲ ਉਦੇਸ਼ ਕਦੇ ਵੀ ਇਨਸਾਨ ਨੂੰ ਵੰਡਣਾ ਨਹੀਂ ਸੀ, ਸਗੋਂ ਜੋੜਨਾ ਸੀ, ਪਰ ਅਫ਼ਸੋਸ ਅੱਜ ਕਈ ਵਾਰ ਅਸੀਂ ਢਾਂਚਿਆਂ ਨੂੰ ਮਤਲਬ ਦੇਣ ਲੱਗ ਪਏ ਹਾਂ, ਪਰ ਦਿਲਾਂ ਨੂੰ ਨਹੀਂ। ਇਹ ਵਿਚਾਰ ਸਾਂਝੇ ਕਰਦਿਆਂ ਪੀ.ਸੀ ਕੁਮਾਰ ਨੇ ਦੱਸਿਆ ਕਿ ਮੰਦਰ ਢਾਹ ਲੈ ਮਸਜਿਦ ਢਾ ਦੇ, ਢਾ ਦੇ ਜੋ ਕੁਝ ਚਾਹੀਦਾ, ਇੱਕ ਨਾ ਢਾਈ ਬੰਦੇ ਦਾ ਦਿਲ ਖੁਦਾ ਇਸ ਵਿੱਚ ਰਹਿੰਦਾ।

ਇਸ ਸ਼ੈਰੀ ਰੂਪ ਵਿਚ ਆਮ ਲੋਕਾਂ ਲਈ ਇੱਕ ਬਹੁਤ ਵੱਡਾ ਸੰਦੇਸ਼ ਲੁਕਿਆ ਹੋਇਆ ਹੈ, ਇਨਸਾਨ ਦੇ ਦਿਲ ਨੂੰ ਦੁਖੀ ਨਾ ਕਰੋ, ਕਿਉਂਕਿ ਪ੍ਰਮਾਤਮਾ ਦਾ ਅਸਲੀ ਨਿਵਾਸ ਉਥੇ ਹੈ। ਉਨ੍ਹਾਂ ਕਿਹਾ ਕਿ ਧਰਮ ਉਹ ਨਹੀਂ ਜੋ ਸਿਰਫ਼ ਰੀਤੀਆਂ ਅਤੇ ਰਿਵਾਜਾਂ ਤੱਕ ਸੀਮਿਤ ਹੋਵੇ। ਧਰਮ ਉਨ੍ਹਾਂ ਕਰਮਾਂ ਵਿਚ ਹੈ ਜੋ ਕਿਸੇ ਦੀ ਮਦਦ ਕਰਨ, ਦੁਖੀ ਦੇ ਦੁੱਖ ਨੂੰ ਘਟਾਉਣ, ਤੇ ਹਮਦਰਦੀ ਦੇ ਅਹਿਸਾਸ ਵਿਚ ਪੈਦਾ ਹੁੰਦੇ ਹਨ। ਧਰਮ ਉਨ੍ਹਾਂ ਅਖਾਂ ਵਿਚ ਹੈ ਜੋ ਹੋਰਾਂ ਲਈ ਰੋਉਂਦੀਆਂ ਹਨ, ਨਾ ਕਿ ਉਹਨਾਂ ਹੱਥਾਂ ਵਿਚ ਜੋ ਪੱਥਰ ਚੁੱਕਦੇ ਹਨ।ਅੱਜ ਦੇ ਸਮਾਜ ਵਿਚ ਸਭ ਤੋਂ ਵੱਧ ਲੋੜ ਹੈ ਇਕਤਾ ਦੀ। ਜਦ ਤਕ ਅਸੀਂ ਇੱਕ?ਦੂਜੇ ਦੇ ਧਰਮ, ਭਾਸ਼ਾ ਜਾਂ ਜਾਤ ਨੂੰ ਲੈ ਕੇ ਆਪਸੀ ਭਿੰਨਤਾ ਬਣਾਈ ਰੱਖਾਂਗੇ, ਤਦ ਤਕ ਅਸਲੀ ਤਰੱਕੀ ਸੰਭਵ ਨਹੀਂ। ਸਾਡੀ ਸਭ ਤੋਂ ਵੱਡੀ ਪਛਾਣ ਇਨਸਾਨ ਹੋਣਾ ਹੈ, ਨਾ ਕਿ ਸਾਡਾ ਮਜ਼ਹਬ ਜਾਂ ਵਸਤਰ।

ਇਹ ਕਹਿਣਾ ਆਸਾਨ ਹੈ ਪਰ ਕਮਾਈਏ ਤਾਂ ਵੱਡੀ ਗੱਲ ਹੈ, ਕਿਸੇ ਦਾ ਦਿਲ ਨਾਂ ਦੁਖਾਓ। ਕਈ ਵਾਰ ਅਸੀਂ ਆਪਣੇ ਸ਼ਬਦਾਂ, ਵਿਹਾਰ ਜਾਂ ਨਿਰਲੇਪਤਾ ਨਾਲ ਕਿਸੇ ਦਾ ਦਿਲ ਤੋੜ ਦਿੰਦੇ ਹਾਂ। ਪਰ ਜੋ ਲੋਕ ਦਿਲ ਜੋੜਦੇ ਹਨ, ਉਹੀ ਅਸਲ ਧਾਰਮਿਕ ਹਨ। ਸ੍ਰੀ ਪੀ.ਸੀ ਕੁਮਾਰ ਨੇ ਕਿਹਾ ਕਿ ਧਰਮ ਦੇ ਨਾਮ ਤੇ ਢਾਂਚੇ ਬਣਾਉਣ ਜਾਂ ਤੋੜਨ ਨਾਲ ਪਰਮਾਤਮਾ ਨਹੀਂ ਮਿਲਦਾ। ਪਰਮਾਤਮਾ ਮਿਲਦਾ ਹੈ ਉਸ ਸਮੇਂ ਜਦੋਂ ਅਸੀਂ ਕਿਸੇ ਦੀ ਔਖੀ ਘੜੀ ਵਿੱਚ ਉਹਨੂੰ ਹੌਸਲਾ ਦਿੰਦੇ ਹਾਂ। ਜਦ ਅਸੀਂ ਆਪਣੇ ਮਨ ਵਿਚ ਮੋਹ, ਹੰਕਾਰ ਤੇ ਨਫ਼ਰਤ ਨੂੰ ਤਿਆਗ ਦੇਵਾਂਗੇ, ਉਥੇ ਹੀ ਖੁਦਾ, ਰੱਬ ਅਤੇ ਵਾਹਿਗੁਰੂ ਵੱਸਦੇ ਹਨ।

# ਦਿਨ ਦਿਹਾੜੇ ਕਤਲੇਆਮ ਮਿਲ ਰਹੀਆਂ ਜਾਨੋ ਮਾਰਨ ਦੀਆਂ ਧਮਕੀਆਂ—ਮਨਜੀਤ ਸਿੰਘ ਔਲਖ

**ਫਿਰੋਜ਼ਪੁਰ**

ਪੰਜਾਬ ਪੁਲਿਸ ਦੇ ਮੁਸਤੇਦ ਹੋਣ ਦੇ ਬਾਵਜੂਦ ਫਿਰੋਜ਼ਪੁਰ ਵਿਚ ਅਪਰਾਧਿਕ ਲੋਕਾਂ ਦੇ ਹੌਸਲੇ ਬੁਲੰਦ ਹੋ ਰਹੇ ਆਏ ਦਿਨ ਸ਼ਰੇਆਮ ਗੋਲੀਆ ਚੱਲਣ, ਕਤਲੇਆਮ ਆਮ ਜਿਹੀ ਗੱਲ ਹੋ ਗਈ ਜਾਪਦੀ ਹੈ। ਇਹ ਵਿਚਾਰ ਸਾਂਝੇ ਕਰਦਿਆਂ ਮਨਜੀਤ ਸਿੰਘ ਨੇ ਦੱਸਿਆ ਕਿ ਉਹ ਗਲੀ ਨੰਬਰ 06 ਬੈਕਸਾਈਡ ਆਰ.ਐਸ.ਡੀ ਕਾਲਜ ਫਿਰੋਜਪੁਰ ਸ਼ਹਿਰ ਦਾ ਰਹਿਣ ਵਾਲਾ ਹੈ ਅਤੇ ਉਸ ਨੂੰ 15 ਜੂਨ 2025 ਨੂੰ ਰਾਤ 9:25 ਵਜੇ ®447459130349 ਤੋਂ ਫੋਨ ਆਇਆ ਅਤੇ ਫੋਨ ਕਰਨ ਵਾਲੇ ਨੇ ਜਾਨੋ ਮਾਰਨ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਤੁਰੰਤ 112 ਨੰਬਰ ਤੇ ਕਾਲ ਕਰਕੇ 10:25 ਤੇ ਸਾਰੀ ਜਾਣਕਾਰੀ ਸਾਂਝੀ ਕੀਤੀ, ਜਿਸ ਦਾ ਆਈ.ਡੀ ਨੰਬਰ ਪੀ.ਬੀ. 20250615001453 ਹੈ ਅਤੇ ਫਿਰ ਦੁਬਾਰਾ 17 ਜੂਨ 2025 ਨੂੰ ਸ਼ਾਮ 3:38 ਤੇ ਕਾਲ ਆਉਂਦੀ ਹੈ ਅਤੇ ਧਮਕੀ ਦੇਣ ਵਾਲਾ ਆਦਮੀ ਮੈਨੂੰ ਕਹਿ ਰਿਹਾ ਹੈ ਕਿ ਜੋ ਵੀ ਤੇਰਾ ਜਮੀਨ ਦਾ ਕੇਸ ਚੱਲਦਾ ਹੈ ਉਸ ਵਿਚ ਤੂੰ ਆਪਣਾ ਨਿੰਬੇੜਾ ਕਰ ਲੈ ਨਹੀਂ ਤਾਂ ਤੂੰ ਆਪਣੀ ਜਾਨ ਤੋਂ ਹੱਥ ਧੋ ਬੈਠੇਗਾ। ਗੱਲਬਾਤ ਕਰਦਿਆਂ ਮਨਜੀਤ ਸਿੰਘ ਨੇ ਦੱਸਿਆ ਕਿ ਉਸਦਾ ਪਿੰਡ ਸੋਢੇ ਵਾਲਾ ਜ਼ਮੀਨ ਦਾ ਰੌਲਾ ਚੱਲ ਰਿਹਾ ਹੈ ਜਿਸ ਨੂੰ ਲੈ ਕੇ



ਮਾਨਯੋਗ ਸੈਸ਼ਨ ਕੋਰਟ ਵਿੱਚ ਅਤੇ ਮਾਨਯੋਗ ਤਹਿਸੀਲਦਾਰ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਅੱਗੇ ਦੱਸਿਆ ਮਨਜੀਤ ਸਿੰਘ ਨੇ ਕਿਹਾ ਇਸ ਜ਼ਮੀਨ ਤੇ ਕੁੱਝ ਲੋਕਾਂ ਵੱਲੋਂ ਨਕਸ਼ਾ ਤਿਆਰ ਕਰਕੇ ਅਣਪਰੂਵਡ ਕਲੋਨੀ ਕੱਟ ਦਿੱਤੀ ਅਤੇ ਪਲਾਟ ਲੋਕਾਂ ਨੂੰ ਵੇਚਣੇ ਸ਼ੁਰੂ ਕਰ ਦਿੱਤੇ ਮੈਂ ਪਹਿਲਾਂ ਇਸ ਦਾ ਵਿਰੋਧ ਕੀਤਾ ਫਿਰ ਉੱਚ ਅਫ਼ਸਰਾਂ ਨੂੰ ਮੂੰਹ ਜ਼ਬਾਨੀ ਅਤੇ ਲਿਖਤੀ ਸ਼ਿਕਾਇਤਾ ਕੀਤੀਆਂ ਫਿਰ ਮੁੱਖ ਮੰਤਰੀ ਪੰਜਾਬ ਨੂੰ ਲਿਖਤੀ ਸ਼ਿਕਾਇਤ ਕੀਤੀ ਉਸ ਸ਼ਿਕਾਇਤ ਨੇ ਅਸਰ ਦਿਖਾਇਆ ਟਾਊਨ ਪਲੇਨ ਮਹਿਕਮੇ ਨੂੰ ਕਾਰਵਾਈ ਕਰਨੀ ਪਈ ਉਸ ਕਾਰਵਾਈ ਨਾਲ ਰਜਿਸਟਰੀਆਂ ਤੇ ਅਤੇ ਅਦਲਾ ਬਦਲੀ ਤੇ ਸੰਪੂਰਨ ਤੌਰ ਪਾਬੰਦੀ ਲੱਗ ਗਈ ਜਿਸ ਤੋਂ ਖਫਾ ਹੋ ਕੇ ਉਨ੍ਹਾਂ ਲੋਕਾਂ ਨੇ ਵੱਖ—ਵੱਖ ਗੈਂਗਸਟਰਾਂ ਕੋਲੋ ਜਾਨੋ ਮਾਰਨ ਦੀਆ ਧਮਕੀਆਂ ਦਿਵਾਈਆਂ ਅਤੇ ਕਈ ਵਾਰ ਇਨ੍ਹਾਂ ਨੇ ਮੈਨੂੰ ਮਰਵਾਉਣ ਲਈ ਮੇਰੇ ਮਗਰ ਬੰਦੇ ਘਰ ਤੱਕ ਭੇਜੇ ਇਹ ਆਦਮੀ ਜੋ ਕਿ ਮੈਨੂੰ ਮਰਾ ਕੇ ਮੇਰੀ ਜਮੀਨ ਅਤੇ ਮੇਰੇ ਪੈਸੇ ਨੂੰ ਹੜੱਪਣਾ ਚਾਹੁੰਦੇ ਹਨ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ਗੁਰਪ੍ਰੀਤ ਸਿੰਘ ਪੁਤਰ ਸਵਰਨ ਸਿੰਘ ਬੈਕਸਾਈਡ ਆਰ.ਐਸ.ਡੀ ਕਾਲਜ ਵਾ ਰਜਿੰਦਰ ਸਿੰਘ ਸੋਢੀ ਪੁੱਤਰ ਸ੍ਰੀ ਕਸ਼ਮੀਰ ਸਿੰਘ ਸੋਢੀ ਵਾਸੀ ਗਲੀ ਨੰਬਰ 06 ਬੈਕਸਾਈਡ ਆਰ.ਐਸ.ਡੀ ਕਾਲਜ ਫਿਰੋਜਪੁਰ ਸ਼ਹਿਰ ਵਾ ਲਾਭ ਸਿੰਘ ਪੁੱਤਰ ਸੁਹੇਲ ਸਿੰਘ ਵਾਸੀ ਖੂਹ ਮੇਹਰ ਮੁਹੰਮਦ ਫਿਰੋਜਪੁਰ ਸ਼ਹਿਰ ਵਾ ਸ਼ਿਵਮ ਪੁੱਤਰ ਸ੍ਰੀ ਦਇਆ ਰਾਮ ਵਾਸੀ ਗਲੀ ਸੇਠੀ ਮਾਡਲ ਸਕੂਲ ਵਾਲੀ ਫਿਰੋਜਪੁਰ ਸ਼ਹਿਰ ਵਾ ਗੁਰਇਕਬਾਲ ਸਿੰਘ ਸਹਿਗਲ ਪੁਤਰ ਸ੍ਰੀ ਰਮੇਸ਼ ਕੁਮਾਰ ਸਹਿਗਲ ਵਾਸੀ ਨਾਨਕਪੁਰਾ ਫਿਰੋਜਪੁਰ ਸ਼ਹਿਰ ਦੇ ਰਹਿਣ ਵਾਲੇ ਹਨ ਆਏ ਦਿਨ ਇਹ ਮੈਨੂੰ ਮਰਵਾਉਣ ਲਈ ਤਿਆਰ ਰਹਿੰਦੇ ਹਨ ਜੇਕਰ ਭੱਵਿਖ ਵਿਚ ਮੈਨੂੰ ਕੁਝ ਵੀ ਹੋ ਗਿਆ ਜਾ ਮੇਰੀ ਮੌਤ ਹੋ ਜਾਦੀ ਹੈ ਤਾ ਉਪਰੋਕਤ ਆਦਮੀ ਅਤੇ ਇਹਨਾਂ ਦੇ ਸਾਰੇ ਪਰੀਵਾਰ ਜਿੰਮੇਵਾਰ ਹੋਣਗੇ ਅਤੇ ਫਿਰੋਜਪੁਰ ਪ੍ਰਸ਼ਾਸ਼ਨ ਜਿੰਮੇਵਾਰ ਹੋਵੇਗਾ ਕਿਉਂਕਿ ਮੈਂ ਪਿਛਲੇ ਲੰਮੇ ਸਮੇ ਤੋ ਅਫਸਰਾ ਨੂੰ ਇਨਸਾਫ ਦੇ ਲਈ ਦਰਖਾਸਤਾ ਦੇ ਦੇ ਕੇ ਅੱਕ ਚੁੱਕਾ ਹਾਂ। ਉਨ੍ਹਾਂ ਕਿਹਾ ਕਿ ਟਾਊਨ ਪਲੈਨ ਵਿਭਾਗ ਨੇ ਜਾਂਚ ਪੜਤਾਲ ਕਰਨ ਤੋਂ ਬਾਅਦ ਕਲੋਨੀ ਨੂੰ ਨਜਾਇਜ਼ ਠਹਿਰਾਇਆ ਅਤੇ ਕਲੋਨੀ ਕੱਟਣ ਵਾਲੇ ਵਿਆਕਤੀਆਂ ਵਿ➡ਧ ਕਿਹੜੀਆਂ ਕਿਹੜੀਆਂ ਧਰਾਵਾਂ ਤਹਿਤ ਕਾਰਵਾਈ ਹੋਵੇਗੀ ਪਰਚਾ ਦਰਜ਼ ਕਰਨ ਉਪਰੰਤ ਉਨ੍ਹਾਂ ਲੋਕਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇ ਸਾਫ਼ ਲਿਖਿਆ ਹੈ ਉਸ ਦਰਖਾਸਤ ਦਾ ਕੋਈ ਨਿਪਟਾਰਾ ਨਹੀਂ ਹੋ ਰਿਹਾ। ਗੱਲਬਾਤ ਕਰਦਿਆਂ ਮਨਜੀਤ ਸਿੰਘ ਨੇ ਕਿਹਾ ਕਿ ਜਿਵੇਂ—ਜਿਵੇਂ ਮੇਰਾ ਕੇਸ ਲੰਬਾ ਹੋ ਰਿਹਾ ਹੈ ਉਵੇਂ—ਉਵੇਂ ਉਪਰੋਕਤ ਲੋਕ ਮੈਨੂੰ ਕੇਸਾਂ ਨੂੰ ਬੰਦ ਕਰਨ ਲਈ ਦਬਾਅ ਬਨਾ ਰਹੇ ਹਨ ਅਤੇ ਮੈਨੂੰ ਮਰਵਾਉਣ ਦੀਆ ਕੋਸ਼ਿਸ਼ਾ ਕਰ ਰਹੇ ਹਨ ਮੈਂ ਪੰਜਾਬ ਸਰਕਾਰ ਤੋਂ ਦੋਸ਼ੀਆ ਦੇ ਖਿਲਾਫ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਦੀ ਮੰਗ ਕਰਦਾ ਹਾਂ ਕਿਉਂਕਿ ਫਿਰੋਜਪੁਰ ਵਿਚ ਮਾਰਨ ਮਰਾਉਣ ਦਾ ਸਿਲਸਿਲਾ ਚੱਲ ਰਿਹਾ ਹੈ ਤੇ ਮੈਨੂੰ ਡਰ ਲੱਗ ਰਿਹਾ ਹੈ ਕਿ ਇਹ ਲੋਕ ਮੈਨੂੰ ਮਰਵਾ ਕੇ ਹੀ ਛੱਡਣਗੇ ਤੇ ਮੈ ਪ੍ਰਸ਼ਾਸ਼ਨ ਨੂੰ ਬੇਨਤੀ ਕਰਦਾ ਹਾ ਕਿ ਮੈਨੂੰ ਸੁਰਖਿਆ ਦਿੱਤੀ ਜਾਵੇ ਅਤੇ ਮੇਰੀ ਜਾਨੀ ਮਾਲੀ ਰੱਖਿਆ ਕੀਤੀ ਜਾਵੇ।

# ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਵੱਲੋਂ ਸੱਤ ਦਿਨਾਂ ਦੇ ਸਖਸ਼ੀਅਤ ਉਸਾਰੀ ਕੈਂਪ ਚ 250 ਵਿਦਿਆਰਥੀਆਂ ਨੇ ਭਾਗ ਲਿਆ





**ਫਿਰੋਜ਼ਪੁਰ**

ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਫਿਰੋਜ਼ਪੁਰ ਮੋਗਾ ਜੋਨ ਵੱਲੋਂ ਲਗਾਏ ਗਏ ਸਮਰ ਕੈਂਪ ਦੀ ਸਮਾਪਤੀ ਹੋ ਗਈ। ਇਸ ਕੈਂਪ ਵਿੱਚ 250 ਵਿਦਿਆਰਥੀਆਂ ਨੇ ਭਾਗ ਲਿਆ ਵਿਦਿਆਰਥੀਆਂ ਨੇ ਸੱਤ ਦਿਨ ਇਤਿਹਾਸ ਨੂੰ ਵੱਖ—ਵੱਖ ਗਤੀਵਿਧੀਆਂ ਦੁਆਰਾ ਜਾਨਿਆ। ਵਿਦਿਆਰਥੀਆਂ ਨੇ ਇਸ ਕੈਂਪ ਦਾ ਬਹੁਤ ਆਨੰਦ ਮਾਨਿਆ ਅਤੇ ਰੋਜ਼ਾਨਾ ਬੱਚਿਆਂ ਦੇ ਲਈ ਵਿਸ਼ੇਸ਼ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਕਈ ਪ੍ਰਕਾਰ ਦੀਆਂ ਛੋਟੀਆਂ ਛੋਟੀਆਂ ਖੇਡਾਂ ਬੱਚਿਆਂ ਨੂੰ ਕਰਵਾਈਆਂ ਜਾਂਦੀਆਂ ਸਨ। ਇਸ ਕੈਂਪ ਦੀ ਆਰੰਭਤਾ ਬੱਚੇ ਗੁਰਮੰਤਰ ਅਤੇ ਮੂਲ ਮੰਤਰ ਦੇ ਜਾਪ ਨਾਲ ਕਰਦੇ ਸਨ ਉਪਰੰਤ ਜਪੁਜੀ ਸਾਹਿਬ ਦਾ ਪਾਠ ਅਤੇ ਬੱਚਿਆਂ ਦਾ ਕੀਰਤਨ ਹੁੰਦਾ ਸੀ। ਇਸ ਕੈਂਪ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਗੁਰਦੁਆਰਾ ਸਿੰਘ ਸਭਾ ਅਕਾਲਗੜ੍ਹ ਸਾਹਿਬ ਦੀ ਸਮੁੱਚੀ ਕਮੇਟੀ, ਗੁਰੂ ਨਾਨਕ ਮਲਟੀਵਰਸਿਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਸਾਂਝੇ ਉਪਰਾਲੇ ਕੀਤੇ। ਇਸ ਕੈਂਪ ਵਿੱਚ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਦਿਖਾਇਆ ਅਤੇ ਬੱਚਿਆਂ ਦੇ ਮਾਤਾ—ਪਿਤਾ ਨੇ ਬੱਚਿਆਂ ਦੀ ਹਾਜ਼ਰੀ ਯਕੀਨੀ ਬਣਾਈ। ਬੱਚਿਆਂ ਨੇ ਅਤੇ ਉਨ੍ਹਾਂ ਦੇ ਮਾਤਾ—ਪਿਤਾ ਨੇ ਜੋ ਜੀਵਨ ਜਾਂਚ ਇਸ ਕੈਂਪ ਵਿੱਚ ਦੱਸੀ ਗਈ ਉਸ ਨੂੰ ਬਹੁਤ ਹੀ ਸਲਾਹਿਆ। ਬੱਚੇ ਬੜੇ ਚਾਅ ਵਿੱਚ ਰੋਜ਼ਾਨਾ ਸਮੇਂ ਸਿਰ ਕੈਂਪ ਦੀ ਹਾਜ਼ਰੀ ਭਰਦੇ ਸਨ। ਇਸ ਕੈਂਪ ਵਿੱਚ ਵਿਦਿਆਰਥੀਆਂ ਦੇ ਸਵਾਲ ਜਵਾਬ ਦੇ ਮੁਕਾਬਲੇ, ਸੁੰਦਰ ਪੰਜਾਬੀ ਲਿਖਤ ਦੇ ਮੁਕਾਬਲੇ, ਕਵਿਤਾ ਉਚਾਰਨ ਮੁਕਾਬਲੇ, ਭਾਸ਼ਣ ਮੁਕਾਬਲੇ, ਕਵੀਸ਼ਰੀ ਮੁਕਾਬਲੇ, ਦਸਤਾਰ ਮੁਕਾਬਲੇ, ਦੁਮਾਲਾ ਮੁਕਾਬਲੇ, ਕੀਰਤਨ ਮੁਕਾਬਲੇ, ਸਾਖੀ ਸਵਾਲ ਜਵਾਬ ਮੁਕਾਬਲੇ ਆਦਿ ਕਰਵਾਏ ਗਏ। ਇਸ ਕੈਂਪ ਨੂੰ ਸਫਲ ਬਣਾਉਣ ਲਈ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਸਮੁੱਚੀ ਕਮੇਟੀ ਨੇ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਅਸੀਂ ਹਰ ਤਰ੍ਹਾਂ ਨਾਲ ਕੈਂਪ ਵਿੱਚ ਵਿਦਿਆਰਥੀਆਂ ਲਈ ਸਹਿਯੋਗ ਕਰਾਂਗੇ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਸਤਵੰਤ ਸਿੰਘ ਨੇ ਸਮੂਹ ਸੰਗਤ ਦਾ ਅਤੇ ਸਹਿਯੋਗੀ ਵੀਰਾਂ—ਭੈਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਹਰਪ੍ਰੀਤ ਕੌਰ, ਛਿੰਦਰ ਸਿੰਘ, ਅਮਰੀਕ ਸਿੰਘ, ਇੰਦਰਪਾਲ ਸਿੰਘ, ਸੁਖਬਾਜ ਸਿੰਘ, ਬਲਦੇਵ ਸਿੰਘ ਪ੍ਰਧਾਨ ਗੁਰਦੁਆਰਾ ਅਕਾਲਗੜ੍ਹ ਸਾਹਿਬ, ਗੁਰਬਖਸ਼ ਸਿੰਘ ਜਨਰਲ ਸਕੱਤਰ, ਕਵਰਜੀਤ ਸਿੰਘ ਜੈਂਟੀ, ਕੁਲਦੀਪ ਸਿੰਘ ਨੱਡਾ, ਬਾਬਾ ਸਤਵੰਤ ਸਿੰਘ ਸੋਨੂ ਹਜੂਰੀ ਰਾਗੀ ਗੁਰਦੁਆਰਾ ਅਕਾਲਗੜ੍ਹ ਸਾਹਿਬ, ਮਨਪ੍ਰੀਤ ਸਿੰਘ ਅਧਿਆਪਕ, ਮੈਡਮ ਕਿਰਪਾ ਸ਼ਰਮਾ, ਮੈਡਮ ਪ੍ਰੀਆ, ਇਸਤਰੀ ਕੌਂਸਲ, ਵਿਦਿਆਰਥੀ ਕੌਂਸਲ, ਅਧਿਆਪਕ ਕੌਂਸਲ ਦੇ ਸਾਰੇ ਮੈਂਬਰ ਹਾਜ਼ਰ ਸਨ। ਇਸ ਮੌਕੇ ਤੇ ਬੱਚਿਆਂ ਦੇ ਮਾਤਾ—ਪਿਤਾ ਅਤੇ ਸਹਿਯੋਗੀ ਵੀਰਾਂ ਭੈਣਾਂ ਨੇ ਸ਼ਮੂਲੀਅਤ ਕਰਕੇ ਕੈਂਪ ਦੀ ਸਫਲਤਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ।

# ਮੁੱਖ ਮੰਤਰੀ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਸਰਕਾਰ 'ਚ ਰਾਜਨੀਤਿਕ ਸਰਪ੍ਰਸਤੀ ਹੇਠ ਚੱਲ ਰਹੇ ਮੀਥੇਨੌਲ ਤੋਂ ਬਣੇ ਜ਼ਹਿਰੀਲੇ ਨਕਲੀ ਸ਼ਰਾਬ ਮਾਫੀਆ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਅਸਫਲ , ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪ੍ਰਸ਼ਾਸਨ ਤੋਂ ਮੰਗਿਆ ਲਿਖਤੀ ਜਵਾਬ —- ਕੈਂਥ

**ਅੰਮ੍ਰਿਤਸਰ**

ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਖੇਤਰ ਵਿੱਚ ਮੀਥੇਨੌਲ ਤੋਂ ਬਣੀ ਜ਼ਹਿਰੀਲੀ ਸ਼ਰਾਬ ਕਾਰਨ ਮਰਨ ਵਾਲੇ 27 ਲੋਕਾਂ ਵਿੱਚੋਂ 16 ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਸਨ। ਭਗਵੰਤ ਮਾਨ ਸਰਕਾਰ ਵੱਲੋਂ ਇਨ੍ਹਾਂ ਤੱਥਾਂ ਨੂੰ ਛੁਪਾਉਣ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਨੂੰ ਅਸਫਲ ਕਰਨ ਲਈ, ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚੇ ਦੇ ਆਗੂਆਂ ਦੇ ਇੱਕ ਵਫ਼ਦ ਨੇ ਪ੍ਰਭਾਵਿਤ ਪਰਿਵਾਰਾਂ ਦੇ ਪਿੰਡਾਂ ਦਾ ਦੌਰਾ ਕੀਤਾ। ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਵੱਲੋਂ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਵਿੱਚ ਦਾਇਰ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਅਨੁਸੂਚਿਤ ਜਾਤੀ ਕਮਿਸ਼ਨ ਨੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੂੰ 20 ਜੂਨ ਤੱਕ ਦਿੱਲੀ ਸਥਿਤ ਆਪਣੇ ਮੁੱਖ ਦਫ਼ਤਰ ਵਿੱਚ ਲਿਖਤੀ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ। ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਮਈ ਮਹੀਨੇ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ ਵਿੱਚ ਮੀਥੇਨੌਲ ਤੋਂ ਬਣੀ ਜ਼ਹਿਰੀਲੀ ਸ਼ਰਾਬ ਕਾਰਨ 27 ਤੋਂ ਵੱਧ ਲੋਕਾਂ ਦੀਆਂ ਮੌਤਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਭਾਜਪਾ ਅਨੁਸੂਚਿਤ ਜਾਤੀ ਮੋਰਚਾ ਨੇ ਜ਼ਹਿਰੀਲੀ ਸ਼ਰਾਬ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਅੱਗੇ ਜ਼ੋਰਦਾਰ ਆਵਾਜ਼ ਉਠਾਈ ਸੀ ਅਤੇ ਪੀੜਤ ਪਰਿਵਾਰ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਇਨਸਾਫ਼ ਦਾ ਭਰੋਸਾ ਦਿੱਤਾ ਸੀ। ਸਰਦਾਰ ਕੈਂਥ ਨੇ ਕਿਹਾ ਕਿ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਕਮਿਸ਼ਨ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 338 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਮਾਮਲੇ ਦੀ ਜਾਂਚ ਕਰਨ ਦਾ ਫੈਸਲਾ ਕੀਤਾ ਹੈ।



ਦਲਿਤ ਆਗੂ ਕੈਂਥ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਨੇ ਜ਼ਹਿਰੀਲੀ ਸ਼ਰਾਬ ਮਾਫੀਆ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਨਾ ਕਰਨ ਲਈ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਸਰਕਾਰ ਸ਼ਰਾਬ ਮਾਫੀਆ ਦਾ ਪਰਦਾਫਾਸ਼ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਰਾਜਨੀਤਿਕ ਦਬਾਅ ਕਾਰਨ, ਸਿਵਲ ਅਤੇ ਪੁਲਿਸ ਪ੍ਰਸ਼ਾਸਨ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਮੌਤਾਂ ਦੀ ਗਿਣਤੀ ਦਾ ਖੁਲਾਸਾ ਨਹੀਂ ਕਰਨਾ ਚਾਹੁੰਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ 1989 ਦੇ ਅੱਤਿਆਚਾਰ ਰੋਕਥਾਮ ਐਕਟ ਅਧੀਨ ਉਨ੍ਹਾਂ ਵਿਰੁੱਧ ਕੇਸ ਦਰਜ ਹੋਣ ਤੋਂ ਬਾਅਦ ਵੀ ਮੁਆਵਜ਼ਾ ਰਾਸ਼ੀ ਜਾਰੀ ਨਹੀਂ ਕੀਤੀ, ਪਰ ਭਗਵੰਤ ਮਾਨ ਸਰਕਾਰ ਦੀ ਰਾਜਨੀਤਿਕ ਸਰਪ੍ਰਸਤੀ ਪ੍ਰਾਪਤ ਕਰਨ ਵਾਲੇ ਲੋਕਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਕਰਨ ਵਿੱਚ ਟਾਲ-ਮਟੋਲ ਅਤੇ ਉਦਾਸੀਨਤਾ ਦੀ ਨੀਤੀ ਦਰਸਾਉਂਦੀ ਹੈ ਕਿ ਸਰਕਾਰ ਦਲਿਤ ਵਿਰੋਧੀ ਹੈ। ਮਾਨ ਸਰਕਾਰ ਇਨ੍ਹਾਂ ਤੱਥਾਂ ਨੂੰ ਲੁਕਾਉਣਾ ਚਾਹੁੰਦੀ ਹੈ। ਭਾਰਤੀ ਜਨਤਾ ਪਾਰਟੀ ਸਰਕਾਰ ਦੇ ਅਜਿਹੇ ਇਰਾਦਿਆਂ ਨੂੰ ਸਫਲ ਨਹੀਂ ਹੋਣ ਦੇਵੇਗੀ।

# ਪੇਜ਼ ਇੱਕ ਦਾ ਬਾਕੀ

**ਇਜਰਾਈਲ ...**

ਹੈ। ਇਹ 12 ਜੂਨ ਨੂੰ £67.34 ਪ੍ਰਤੀ ਬੈਰਲ ਤੋਂ ਵਧ ਕੇ ਮੰਗਲਵਾਰ ਨੂੰ ਲਗਭਗ £74.6 ਪ੍ਰਤੀ ਬੈਰਲ ਹੋ ਗਿਆ। ਬਹੁਤ ਸਾਰੀਆਂ ਵਿਸ਼ਵਵਿਆਪੀ ਵਿੱਤੀ ਫਰਮਾਂ ਦਾ ਅਨੁਮਾਨ ਹੈ ਕਿ ਜੇਕਰ ਸੰਕਟ ਜਾਰੀ ਰਿਹਾ, ਤਾਂ ਤੇਲ ਦੀਆਂ ਕੀਮਤਾਂ £100 ਪ੍ਰਤੀ ਬੈਰਲ ਤੋਂ ਪਾਰ ਹੋ ਸਕਦੀਆਂ ਹਨ।

ਇਜ਼ਰਾਈਲ ਡਿਫੈਂਸ ਫੋਰਸ (ਆਈਡੀਐਫ) ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਏਫੀ ਡਿਫਰੀਨ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਇਜ਼ਰਾਈਲੀ ਹਵਾਈ ਸੈਨਾ ਨੇ ਸ਼ੁੱਕਰਵਾਰ ਤੋਂ ਈਰਾਨ ਵਿੱਚ ਸੈਂਕੜੇ ਹਮਲਿਆਂ ਵਿੱਚ 1,100 ਤੋਂ ਵੱਧ ਟਿਕਾਣਿਆਂ 'ਤੇ ਹਮਲਾ ਕੀਤਾ ਹੈ।

ਅਮਰੀਕੀ ਦਖਲਅੰਦਾਜ਼ੀ ਵੱਡੀ ਤਬਾਹੀ ਵੱਲ ਲੈ ਜਾਵੇਗੀ : ਈਰਾਨ

ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੇ ਦੇਸ਼ ਨੂੰ ਨਿਸ਼ਾਨਾ ਬਣਾ ਕੇ ਚੱਲ ਰਹੇ ਇਜ਼ਰਾਈਲੀ ਹਮਲਿਆਂ ਵਿੱਚ ਅਮਰੀਕੀ ਦਖਲਅੰਦਾਜ਼ੀ 'ਪੂਰੀ ਤਰ੍ਹਾਂ ਜੰਗ' ਵੱਲ ਲੈ ਜਾਵੇਗੀ। ਇਸਮਾਈਲ ਬਘਾਈ ਨੇ ਇਹ ਟਿੱਪਣੀਆਂ ਅਲ ਜਜ਼ੀਰਾ ਇੰਗਲਿਸ਼ 'ਤੇ ਇੱਕ ਲਾਈਵ ਇੰਟਰਵਿਊ ਵਿੱਚ ਕੀਤੀਆਂ। ਇਹ ਚੱਲ ਰਹੇ ਸੰਘਰਸ਼ ਵਿੱਚ ਉਨ੍ਹਾਂ ਦਾ ਪਹਿਲਾ ਇੰਟਰਵਿਊ ਸੀ।

**ਆਯਤੁੱਲਾ ...**

ਨਹੀਂ ਦਿਖਾਵਾਂਗੇ,' ਖਮੇਨੀ ਨੇ ਐਕਸ 'ਤੇ ਪੋਸਟ ਕੀਤਾ। ਈਰਾਨ ਦੀ ਇਹ ਚੇਤਾਵਨੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਜ਼ਰਾਈਲ ਨਾਲ ਟਕਰਾਅ ਦੇ ਵਿਚਕਾਰ ਤਹਿਰਾਨ ਨੂੰ 'ਬਿਨਾਂ ਸ਼ਰਤ ਆਤਮ ਸਮਰਪਣ' ਕਰਨ ਲਈ ਕਹਿਣ ਤੋਂ ਬਾਅਦ ਆਈ ਹੈ।

**ਰਾਤ ...**

ਤਾਇਨਾਤ ਸੁਰੱਖਿਆ ਗਾਰਡਾਂ ਨੂੰ ਸ਼ੱਕ ਹੋਇਆ ਪਰ ਜਦੋਂ ਉਨ੍ਹਾਂ ਨੂੰ ਮੰਗਲਵਾਰ ਦੇਰ ਰਾਤ ਦੁਬਾਰਾ ਹਸਪਤਾਲ ਵਿੱਚ ਘੁੰਮਦੇ ਦੇਖਿਆ ਗਿਆ ਤਾਂ ਉਨ੍ਹਾਂ ਨੂੰ ਮਹਿਲਾ ਗਾਰਡ ਦੀ ਮਦਦ ਨਾਲ ਰੋਕਿਆ ਗਿਆ ਅਤੇ ਪੁੱਛਗਿੱਛ ਸ਼ੁਰੂ ਕੀਤੀ ਗਈ ਅਤੇ ਫਿਰ ਸੈਕਸ ਰੈਕੇਟ ਨਾਲ ਸਬੰਧਤ ਇਹ ਸਾਰਾ ਮਾਮਲਾ ਸਾਹਮਣੇ ਆਇਆ।

ਇਸ ਦੇ ਨਾਲ ਹੀ ਰਾਤ ਦੇ ਹਨੇਰੇ ਵਿੱਚ ਸਦਰ ਹਸਪਤਾਲ ਵਿੱਚ ਸੈਕਸ ਵਰਕਰਾਂ ਦੇ ਫੜੇ ਜਾਣ ਦੀ ਖ਼ਬਰ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਔਰਤਾਂ ਤੋਂ ਪੁੱਛਗਿੱਛ ਕੀਤੀ ,ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਉਹ ਕਟਿਹਾਰ ਸ਼ਹਿਰ ਦੇ ਵੱਖ-ਵੱਖ ਰਿਹਾਇਸ਼ੀ ਇਲਾਕਿਆਂ ਵਿੱਚ ਵੇਸਵਾਗਮਨੀ ਦਾ ਕਾਰੋਬਾਰ ਕਰ ਰਹੀਆਂ ਹਨ, ਜਿਸ ਵਿੱਚ ਉਨ੍ਹਾਂ ਨੂੰ ਪ੍ਰਤੀ ਰਾਤ ਚਾਰ ਤੋਂ ਪੰਜ ਸੌ ਰੁਪਏ ਮਿਲਦੇ ਹਨ ਅਤੇ ਉਹ ਹਰ ਰੋਜ਼ 1500 ਤੋਂ 2000 ਰੁਪਏ ਕਮਾਉਂਦੀਆਂ ਹਨ। ਆਰੋਪੀ ਔਰਤਾਂ ਨੇ ਇਹ ਵੀ ਦੱਸਿਆ ਕਿ ਉਹ ਗਾਹਕ ਦੀ ਭਾਲ ਵਿੱਚ ਹਸਪਤਾਲ ਆਈਆਂ ਸਨ। ਫਿਲਹਾਲ ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

**ਮੇਰੀ ...**

()ਨੇ ਮਜੀਠੀਆ 'ਤੇ ਦੋਸ਼ ਲਗਾਇਆ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਦਲਿਤ ਭਾਈਚਾਰਿਆਂ 'ਤੇ ਜ਼ੁਲਮ ਕਰਨ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਅਨੁਸੂਚਿਤ ਜਾਤੀ ਅਤੇ ਦਲਿਤ ਭਾਈਚਾਰਿਆਂ ਦੀ ਸਮਰਥਕ ਰਹੀ ਹੈ, ਜਿਸਦਾ ਸਬੂਤ ਐਡਵੋਕੇਟ ਜਨਰਲ ਦਫ਼ਤਰ ਵਿੱਚ ਰਾਖਵਾਂਕਰਨ ਲਾਗੂ ਕਰਨ ਵਰਗੀਆਂ ਇਤਿਹਾਸਕ ਪਹਿਲਕਦਮੀਆਂ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਇਹ ਕਦਮ ਉਨ੍ਹਾਂ ਵਰਗੇ ਆਗੂਆਂ ਲਈ ਅਸਹਿਣਯੋਗ ਹਨ, ਜੋ ਭਾਈਚਾਰੇ ਦੀ ਤਰੱਕੀ ਨੂੰ ਸਵੀਕਾਰ ਨਹੀਂ ਕਰ ਸਕਦੇ।

ਉਨ੍ਹਾਂ ਕਿਹਾ ਕਿ ਮੈਨੂੰ ਬਦਨਾਮ ਕਰਨ ਲਈ ਚਲਾਈ ਗਈ ਇਹ ਮੁਹਿੰਮ ਪੰਜਾਬ ਵਿੱਚ ਅਨੁਸੂਚਿਤ ਜਾਤੀ ਦੇ ਆਗੂਆਂ ਅਤੇ ਮੰਤਰੀਆਂ ਦੇ ਅਕਸ ਨੂੰ ਖਰਾਬ ਕਰਨ ਲਈ ਇੱਕ ਸੋਚੀ ਸਮਝੀ ਚਾਲ ਹੈ। ਮੰਤਰੀ ਰਵਜੋਤ ਨੇ ਕਿਹਾ "ਇਹ ਦਲਿਤ ਭਾਈਚਾਰੇ ਦੇ ਆਗੂਆਂ ਦੇ ਮਾਣ-ਸਨਮਾਨ ਨੂੰ ਢਾਹ ਲਗਾਉਣ ਦੀ ਇੱਕ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ। ਮਜੀਠੀਆ ਅਤੇ ਉਨ੍ਹਾਂ ਦੀ ਪਾਰਟੀ ਨੇ ਵਾਰ-ਵਾਰ ਸਾਡੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਹੈ। ਪਰ ਉਹ ਸਮਾਵੇਸ਼ੀ ਵਿਕਾਸ ਦੇ ਸਾਡੇ ਮਿਸ਼ਨ ਨੂੰ ਪਟੜੀ ਤੋਂ ਉਤਾਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਕੱਦੇ ਸਫਲ ਨਹੀਂ ਹੋਣਗੇ।÷

ਡਾ. ਰਵਜੋਤ ਨੇ ਮਜੀਠੀਆ ਵਰਗੇ ਆਗੂਆਂ ਦੇ ਪਖੰਡ ਦਾ ਪਰਦਾਫਾਸ਼ ਕਰਦਿਆਂ ਕਿਹਾ, 'ਇਹ ਆਗੂ ਜਨਤਕ ਤੌਰ 'ਤੇ ਆਪਣੇ ਆਪ ਨੂੰ ਧਾਰਮਿਕ ਅਤੇ ਪਵਿੱਤਰ ਦੱਸਦੇ ਹਨ, ਪਰ ਬੰਦ ਕਮਰਿਆਂ ਵਿੱਚ ਉਹ ਇਸ ਤਰ੍ਹਾਂ ਦੇ ਸ਼ਰਮਨਾਕ ਕੰਮ ਕਰਦੇ ਹਨ। ਉਨ੍ਹਾਂ ਦੀਆਂ ਕਾਰਵਾਈਆਂ ਸਿੱਖ ਕਦਰਾਂ-ਕੀਮਤਾਂ ਅਤੇ ਨੈਤਿਕਤਾ 'ਤੇ ਧੱਬਾ ਹਨ।'

ਉਨ੍ਹਾਂ ਕਿਹਾ ਕਿ ਮਜੀਠੀਆ ਵਿਰੁੱਧ ਸ਼ਿਕਾਇਤ ਦਰਜ ਕਰ ਲਈ ਗਈ ਹੈ ਅਤੇ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ, 'ਸਾਨੂੰ ਜਾਂਚ ਏਜੰਸੀਆਂ 'ਤੇ ਭਰੋਸਾ ਹੈ ਕਿ ਉਹ ਸੱਚਾਈ ਨੂੰ ਸਾਹਮਣੇ ਲਿਆਉਣਗੀਆਂ। ਇਹ ਸਿਰਫ਼ ਮੇਰੇ ਬਾਰੇ ਨਹੀਂ ਹੈ, ਇਹ ਇੱਕ ਉਦਾਹਰਣ ਸਥਾਪਤ ਕਰਨ ਬਾਰੇ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਅਜਿਹੇ ਮੰਦਭਾਗੇ ਪ੍ਰਚਾਰ ਬਰਦਾਸ਼ਤ ਨਹੀਂ ਕੀਤੇ ਜਾਣਗੇ।'

ਡਾ. ਰਵਜੋਤ ਨੇ ਰਾਜਨੀਤਿਕ ਆਗੂਆਂ ਨੂੰ ਨਿੱਜੀ ਹਮਲਿਆਂ ਵਿੱਚ ਸ਼ਾਮਲ ਹੋਣ ਦੀ ਬਜਾਏ ਜਨਤਕ ਵਿਕਾਸ ਦੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ÷ਇਸ ਤਰ੍ਹਾਂ ਦੀ ਰਾਜਨੀਤੀ ਸਮਾਜ ਨੂੰ ਗਲਤ ਸੁਨੇਹਾ ਦਿੰਦੀ ਹੈ ਅਤੇ ਸਾਡੀਆਂ ਲੋਕਤੰਤਰੀ ਪ੍ਰਕਿਰਿਆਵਾਂ ਦੀ ਪਵਿੱਤਰਤਾ ਨੂੰ ਕਮਜ਼ੋਰ ਕਰਦੀ ਹੈ। ਮੈਂ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਅਸਲ ਮੁੱਦਿਆਂ 'ਤੇ ਚਰਚਾ ਕਰਨ ਅਤੇ ਅਜਿਹੇ ਘਿਣਾਉਣੇ ਪੱਧਰ ਤੱਕ ਜਾਣ ਤੋਂ ਬਚਣ।

**ਕਮਲ ਕੌਰ ...**

ਖੁਲਾਸਾ ਹੋਇਆ ਕਿ ਉਹ ਕਤਲ ਵਾਲੀ ਸਵੇਰ 9:15 ਵਜੇ ਅੰਮ੍ਰਿਤਸਰ ਹਵਾਈ ਅੱਡੇ ਤੋਂ ਯੂਏਈ ਭੱਜ ਗਿਆ ਸੀ। ਯੂਏਈ ਤੋਂ ਕਾਤਲ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਦੱਸ ਦੇਈਏ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਸਾਥੀਆਂ ਨੇ ਕੰਚਨ ਕੁਮਾਰੀ ਉਰਫ ਭਾਬੀ ਕਮਲ ਕੌਰ ਨੂੰ ਕਾਰ ਪ੍ਰਮੋਸ਼ਨ ਬਹਾਨੇ ਬਠਿੰਡਾ ਬੁਲਾਇਆ ਸੀ। ਜਿੱਥੇ ਉਨ੍ਹਾਂ ਨੇ ਕੰਚਨ ਦੀ ਇਓਨ ਕਾਰ ਮੁਰੰਮਤ ਲਈ ਇੱਕ ਗੈਰਾਜ ਵਿੱਚ ਲਾ ਦਿੱਤੀ ,ਜੋ ਦੇਰ ਰਾਤ ਤੱਕ ਠੀਕ ਹੋਈ। ਗੱਡੀ ਠੀਕ ਹੋਣ ਤੋਂ ਬਾਅਦ ਉਹ ਕੰਚਨ ਨੂੰ ਆਪਣੇ ਨਾਲ ਲੈ ਗਏ ਅਤੇ ਸੁੰਨਸਾਨ ਥਾਂ 'ਤੇ ਲਿਜਾਕੇ ਉਸ ਦਾ ਉਦੋਂ ਤੱਕ ਗਲ ਘੁੱਟਿਆ ਗਿਆ, ਜਦੋਂ ਤੱਕ ਉਸ ਦੀ ਮੌਤ ਨੂੰ ਹੋ ਗਈ। ਮੁਲਾਜਮਾਂ ਨੇ ਕੰਚਨ ਕੁਮਾਰੀ ਦੀ ਲਾਸ਼ ਨੂੰ ਉਸੇ ਦੀ ਕਾਰ ਵਿੱਚ ਰੱਖ ਲਿਆ ,ਜਿਸ ਨੂੰ ਆਦੇਸ਼ ਹਸਪਤਾਲ ਦੇ ਨਜ਼ਦੀਕ ਪਾਰਕਿੰਗ 'ਚ ਪਾਰਕ ਕਰਕੇ ਫਰਾਰ ਹੋ ਗਏ।

**3000 ...**

ਹੈ। ਇਸ ਐਲਾਨ ਤੋਂ ਲੱਖਾਂ ਨਿੱਜੀ ਵਾਹਨ ਚਾਲਕਾਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ, ਜਿਸ ਨਾਲ ਨਾ ਸਿਰਫ਼ ਉਨ੍ਹਾਂ ਦੀ ਯਾਤਰਾ ਤੇਜ਼ ਹੋਵੇਗੀ ਬਲਕਿ ਵਧੇਰੇ ਆਰਾਮਦਾਇਕ ਅਤੇ ਤਣਾਅ-ਮੁਕਤ ਵੀ ਹੋਵੇਗੀ।

ਲੋਕਾਂ ਨੂੰ ਕਿੰਨਾ ਫਾਇਦਾ ਹੋਵੇਗਾ?

ਇਸ ਪਾਸ ਦਾ ਉਦੇਸ਼ ਟੋਲ ਪਲਾਜ਼ਿਆਂ 'ਤੇ ਆਉਣ ਵਾਲੀਆਂ ਸਮੱਸਿਆਵਾਂ ਨੂੰ ਘਟਾਉਣਾ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਲਈ ਜੋ ਟੋਲ ਪਲਾਜ਼ਾ ਦੇ 60 ਕਿਲੋਮੀਟਰ ਦੇ ਘੇਰੇ ਵਿੱਚ ਰਹਿੰਦੇ ਹਨ। ਅਕਸਰ ਅਜਿਹਾ ਹੁੰਦਾ ਹੈ ਕਿ ਨੇੜੇ ਰਹਿਣ ਵਾਲੇ ਲੋਕਾਂ ਨੂੰ ਵੀ ਟੋਲ ਦੇਣਾ ਪੈਂਦਾ ਹੈ। ਇਹ ਪਾਸ ਉਨ੍ਹਾਂ ਨੂੰ ਰਾਹਤ ਦੇਵੇਗਾ। ਹੁਣ, ਜੋ ਲੋਕ ਇੱਕ ਖਾਸ ਟੋਲ ਪਲਾਜ਼ਾ ਤੋਂ ਵਾਰ-ਵਾਰ ਲੰਘਦੇ ਹਨ, ਉਹ ਪਤਾ ਸਬੂਤ ਅਤੇ ਜ਼ਰੂਰੀ ਦਸਤਾਵੇਜ਼ ਜਮ?ਹਾਂ ਕਰਵਾ ਕੇ ਮਹੀਨਾਵਾਰ ਪਾਸ ਪ੍ਰਾਪਤ ਕਰ ਸਕਦੇ ਹਨ। ਇਨ੍ਹਾਂ ਪਾਸਾਂ ਦੀ ਕੀਮਤ 340 ਰੁਪਏ ਪ੍ਰਤੀ ਮਹੀਨਾ ਹੈ, ਜੋ ਕਿ ਇੱਕ ਸਾਲ ਵਿੱਚ 4,080 ਰੁਪਏ ਹੋ ਜਾਂਦੀ ਹੈ।

**ਨੌਜਵਾਨ ਨੇ...**

ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ। ਇੰਦਰਾ ਅਰੋੜਾ ਨੇ ਆਪਣੀ ਪਤਨੀ ਮਨਦੀਪ ਕੌਰ, ਸਾਲਾ ਵਿਸ਼ਾਲ ਅਤੇ ਕਾਰ ਬਾਜ਼ਾਰ ਦੇ ਮਾਲਕਾਂ ਤੋਂ ਤੰਗ ਆ ਕੇ ਸਲਫਾਸ ਨਿਗਲ ਲਿਆ ਸੀ।

ਪਰਿਵਾਰ ਦੇ ਅਨੁਸਾਰ ਇੰਦਰ ਦਾ ਵਿਆਹ ਦੋ ਮਹੀਨੇ ਪਹਿਲਾਂ ਮਨਦੀਪ ਕੌਰ ਨਾਲ ਹੋਇਆ ਸੀ ਪਰ ਵਿਆਹ ਤੋਂ ਸਿਰਫ਼ 10 ਦਿਨ ਬਾਅਦ ਹੀ ਉਸਦੀ ਪਤਨੀ ਆਪਣੇ ਪੇਕੇ ਚਲੀ ਗਈ ਅਤੇ ਧਮਕੀਆਂ ਦੇਣ ਲੱਗ ਪਈ। ਮ੍ਰਿਤਕ ਦੇ ਪਿਤਾ ਰਾਜਿੰਦਰ ਕੁਮਾਰ ਅਨੁਸਾਰ ਉਸਦੀ ਨੂੰਹ ਮਨਦੀਪ ਕੌਰ , ਉਸਦਾ ਭਰਾ ਵਿਸ਼ਾਲ ਅਤੇ ਕਾਰ ਬਾਜ਼ਾਰ ਦੇ ਮਾਲਕ ਲਗਾਤਾਰ ਇੰਦਰ ਨੂੰ ਧਮਕੀਆਂ ਦੇ ਰਹੇ ਸਨ ਕਿ ਜੇਕਰ ਉਸਨੇ ਵਿਆਹ ਦਾ ਖਰਚਾ ਵਾਪਸ ਨਹੀਂ ਕੀਤਾ ਤਾਂ ਉਹ ਉਸਨੂੰ ਜਾਨ ਤੋਂ ਮਰਵਾ ਦੇਣਗੇ। ਥਾਣਾ ਡਿਵੀਜ਼ਨ ਨੰਬਰ 5 ਦੀ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ, ਜਿੱਥੇ ਅੱਜ ਪੋਸਟਮਾਰਟਮ ਕੀਤਾ ਗਿਆ। ਪੁਲਿਸ ਹੁਣ ਖੁਦਕੁਸ਼ੀ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਪੀੜਤ ਪਰਿਵਾਰ ਦੇ ਬਿਆਨ ਦਰਜ ਕਰਨ ਤੋਂ ਬਾਅਦ ਸਾਰੇ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

**ਭਾਰੀ ਮੀਂਹ ...**

ਜਾਂਦਾ ਸੀ ਅਤੇ ਮੁਹੱਲੇ ਦੀ ਸਾਰੀ ਗੰਦਗੀ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਜਮੀਨ ਵਿੱਚ ਸੁੱਟੀ ਜਾਂਦੀ ਸੀ। ਜੋ ਕਿ ਗਲਤ ਹੈ।

ਉਨ੍ਹਾਂ ਕਿਹਾ ਕਿ ਬਹੁਤ ਵਾਰ ਮੁਹੱਲਾ ਵਾਸੀਆਂ ਨੂੰ ਚਿਤਾਵਨੀ ਵੀ ਦਿੱਤੀ ਗਈ ਸੀ । ਜਦੋਂ ਮਹੱਲਾ ਵਾਸੀਆਂ ਵੱਲੋਂ ਇਸ ਤੇ ਰੋਕ ਨਹੀਂ ਲਗਾਈ ਤਾਂ ਕ੍ਰਿਸ਼ੀ ਵਿਗਿਆਨ ਕੇਂਦਰ ਨੂੰ ਕੰਧ ਬਣਾਉਣੀ ਪਈ ਤਾਂ ਜੋ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਜਮੀਨ ਨੂੰ ਗੰਦਗੀ ਤੋਂ ਬਚਾਇਆ ਜਾ ਸਕੇ । ਡਾਕਟਰ ਨੇ ਆਖਿਆ ਕਿ ਇਸ ਜਮੀਨ ਵਿੱਚ ਆਧੁਨਿਕ ਕਿਸਮ ਦੇ ਬੀਜ ਬੀਜੇ ਜਾਂਦੇ ਹਨ। ਅਤੇ ਇਹ ਬੀਜ ਅੱਗੇ ਕਿਸਾਨਾਂ ਤੱਕ ਪਹੁੰਚਾਏ ਜਾਂਦੇ ਹਨ।

**ਪੁੱਲ ਨਾਲ ...**

ਇੱਕ ਛੋਟੀ ਕੁੜੀ ਦੀ ਹਾਲਤ ਨਾਜ਼ੁਕ ਹੈ। ਉਸਦਾ ਇਲਾਜ ਚੱਲ ਰਿਹਾ ਹੈ।

ਇਹ ਸਾਰੇ ਬਦਾਯੂੰ ਵਿੱਚ ਇੱਕ ਵਿਆਹ ਸਮਾਗਮ ਤੋਂ ਦਿੱਲੀ ਵਾਪਸ ਆ ਰਹੇ ਸਨ। ਹਾਦਸੇ ਦਾ ਕਾਰਨ ਡਰਾਈਵਰ ਨੂੰ ਨੀਂਦ ਆਉਣਾ ਦੱਸਿਆ ਜਾ ਰਿਹਾ ਹੈ। ਬਦਾਯੂੰ ਜ਼ਿਲ੍ਹੇ ਦੇ ਥਾਣਾ ਸਹਸਵਾਨ ਦੇ ਪਿੰਡ ਚਮਨਪੁਰਾ ਦਾ ਰਹਿਣ ਵਾਲਾ ਤਨਵੀਰ ਅਹਿਮਦ ਦਿੱਲੀ ਵਿੱਚ ਰਹਿੰਦਾ ਹੈ।

ਦੇਰ ਰਾਤ ਉਸ ਦੀਆਂ ਧੀਆਂ ਗੁਲਨਾਜ਼, ਮੋਮੀਨਾ, ਪੁੱਤਰ ਤਨਵੀਜ਼ ਅਹਿਮਦ, ਇੱਕ ਹੋਰ ਕਿਸ਼ੋਰ ਨਿਦਾ ਉਰਫ਼ ਜੇਵਾ ਅਤੇ ਜ਼ੁਬੇਰ ਅਲੀ ਵਾਸੀ ਖੈਰਪੁਰ ਬੱਲੀ ਥਾਣਾ ਸਹਸਵਾਨ ਆਪਣੇ ਦੋ ਸਾਲ ਦੇ ਪੁੱਤਰ ਜ਼ੈਨੁਲ ਨਾਲ ਬੁੱਧਵਾਰ ਸਵੇਰੇ ਦਿੱਲੀ ਜਾਣ ਲਈ ਕਾਰ ਰਾਹੀਂ ਨਿਕ

ਜ ਚੱਲ ਰਿਹਾ ਹੈ।

ਬੁਲੰਦਸ਼ਹਿਰ ਦੇ ਐਸਪੀ (ਦਿਹਾਤੀ) ਤੇਜਵੀਰ ਸਿੰਘ ਨੇ ਕਿਹਾ ਕਿ ਅੱਜ ਸਵੇਰੇ 5.50 ਵਜੇ, ਜਹਾਂਗੀਰਾਬਾਦ ਪੁਲਿਸ ਨੂੰ ਸੂਚਨਾ ਮਿਲੀ ਕਿ ਥਾਣਾ ਖੇਤਰ ਵਿੱਚ ਜਹਾਂਗੀਰਾਬਾਦ-ਬੁਲੰਦਸ਼ਹਿਰ ਸੜਕ 'ਤੇ ਇੱਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਪੁਲਿਸ ਅਤੇ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚ ਗਏ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ।

**ਭਾਰਤ ...**

ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੀ ਪਤਨੀ ਮਮਤਾ ਆਸ਼ੂ ਮੌਕੇ 'ਤੇ ਪਹੁੰਚ ਗਏ। ਮਮਤਾ ਆਸ਼ੂ ਨੇ ਰਾਸ਼ਨ ਵੰਡਦੇ ਸਮੇਂ ਇੱਕ ਔਰਤ ਅਤੇ ਉਸ ਦੇ ਸਾਥੀ ਨੂੰ ਰੰਗੇ ਹੱਥੀਂ ਫੜ ਲਿਆ। ਮਮਤਾ ਨੇ ਕਿਹਾ ਕਿ ਜਦੋਂ ਉਸ ਨੇ ਭੱਜਦੇ ਹੋਏ ਔਰਤ ਨੂੰ ਪੁੱਛਿਆ ਕਿ ਤੁਸੀਂ ਇਸਨੂੰ ਕਿਉਂ ਵੰਡ ਰਹੇ ਹੋ, ਤਾਂ ਉਸਨੇ ਕਿਹਾ ਕਿ ਕਾਂਗਰਸ ਤੇ ਭਾਜਪਾ ਵਾਲੇ ਵੀ ਇਸ ਨੂੰ ਵੰਡਦੇ ਹਨ ਇਸ ਲਈ ਅਸੀਂ ਵੀ ਵੰਡ ਰਹੇ ਹਾਂ।

# ਜਲੰਧਰ 'ਚ 15 ਸਾਲ ਦੀ ਬੱਚੀ ਨਾਲ ਜਬਰ-ਜਿਨਾਹ, ਮਦਦ ਦੇ ਬਹਾਨੇ ਪ੍ਰਾਪਟੀ ਡੀਲਰ ਨੇ ਚੁੱਕਿਆ ਫਾਇਦਾ

**ਜਲੰਧਰ (ਬਾਠ)** - ਪੰਜਾਬ ਦੇ ਜਲੰਧਰ ਵਿੱਚ, ਇੱਕ 15 ਸਾਲਾ ਨਾਬਾਲਗ ਨਾਲ ਸ਼ਹਿਰ ਦੇ ਇੱਕ ਪ੍ਰਾਪਰਟੀ ਡੀਲਰ ਕਮ ਕਾਲੋਨਾਈਜ਼ਰ ਨੇ ਜਬਰ-ਜਿਨਾਹ ਕੀਤਾ। ਜਦੋਂ ਮਾਮਲੇ ਦੀ ਸ਼ਿਕਾਇਤ ਕਮਿਸ਼ਨਰੇਟ ਪੁਲਿਸ ਦੇ ਥਾਣਾ ਡਿਵੀਜ਼ਨ ਨੰਬਰ ਅੱਠ ਦੀ ਪੁਲਿਸ ਕੋਲ ਪਹੁੰਚੀ, ਤਾਂ ਲੜਕੀ ਦਾ ਤੁਰੰਤ ਸਿਵਲ ਹਸਪਤਾਲ ਜਲੰਧਰ ਵਿੱਚ ਡਾਕਟਰੀ ਮੁਆਇਨਾ ਕੀਤਾ ਗਿਆ ਅਤੇ ਇਸ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਗਈ। ਜਿਸ ਵਿੱਚ ਪੋਕਸੋ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਪ੍ਰਾਪਰਟੀ ਡੀਲਰ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ। ਦੋਸ਼ੀ ਦੀ ਪਛਾਣ ਨੌਸ਼ਾਦ ਅਹਿਮਦ ਉਰਫ ਨੌਸ਼ਾਦ ਅਲੀ ਵਜੋਂ ਹੋਈ ਹੈ, ਜੋ ਸ਼ਿਵ ਨਗਰ (ਸੋਢਲ ਮੰਦਰ ਦੇ ਨੇੜੇ) ਦਾ ਰਹਿਣ ਵਾਲਾ ਹੈ। ਥਾਣਾ-8 ਦੀ ਪੁਲਿਸ ਦੋਸ਼ੀ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ, ਗ੍ਰਿਫ਼ਤਾਰੀ ਤੋਂ ਬਾਅਦ ਦੋਸ਼ੀ ਨੂੰ ਰਿਮਾਂਡ 'ਤੇ ਲਿਆ ਜਾਵੇਗਾ। ਮਿਲੀ ਜਾਣਕਾਰੀ ਅਨੁਸਾਰ, ਨੌਸ਼ਾਦ ਅਹਿਮਦ ਨੇ ਉਕਤ ਲੜਕੀ ਦੀ ਮਦਦ ਕੀਤੀ ਸੀ, ਜਿਸ ਤੋਂ ਬਾਅਦ ਦੋਵੇਂ ਸੰਪਰਕ ਵਿੱਚ ਆਏ। ਇਸ ਦਾ ਫਾਇਦਾ ਉਠਾ ਕੇ ਦੋਸ਼ੀ ਨੇ ਉਕਤ ਅਪਰਾਧ ਕੀਤਾ। ਹਾਲਾਂਕਿ, ਦੋਸ਼ੀ ਦੇ ਪਰਿਵਾਰ ਨੇ ਕਿਹਾ ਕਿ ਉਹ ਇਸ ਸਮੇਂ ਘਰ ਨਹੀਂ ਹੈ, ਕੁਝ ਨੌਜਵਾਨ ਉਸਨੂੰ ਆਪਣੇ ਨਾਲ ਲੈ ਗਏ ਸਨ।

# ਲੁਧਿਆਣਾ ਤੋਂ 'ਆਪ' ਦੇ ਪਤਨ ਦੀ ਉਲਟੀ ਗਿਣਤੀ ਸ਼ੁਰੂ- ਬ੍ਰਹਮਪੁਰਾ

**▲ ਸ਼੍ਰੋਮਣੀ ਅਕਾਲੀ ਦਲ ਬਿਨਾਂ ਪੰਜਾਬ ਵਿੱਚ ਅਮਨ-ਚੈਨ ਸੰਭਵ ਨਹੀਂ- ਬ੍ਰਹਮਪੁਰਾ ▲ 'ਬਦਲਾਅ' ਦੇ ਨਾਂ 'ਤੇ ਆਈ ਤਬਾਹੀ ਲੋਕਾਂ ਨੂੰ ਹੁਣ ਮਨਜ਼ੂਰ ਨਹੀਂ**

**ਚੋਹਲਾ ਸਾਹਿਬ/ਤਰਨਤਾਰਨ/ਰਾਕੇਸ਼ ਨਈਅਰ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ,ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਚੋਹਲਾ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਸ਼ਾਸਨ 'ਤੇ ਇੱਕ ਜਨਮਤ ਸੰਗ੍ਰਹਿ (ਰੈਫਰੈਂਡਮ) ਹੈ,ਜਿਸ ਵਿੱਚ ਪੰਜਾਬ ਦੇ ਲੋਕ 'ਆਪ' ਦੇ ਝੂਠ ਅਤੇ ਲੁੱਟ ਦੀ ਰਾਜਨੀਤੀ ਨੂੰ ਸਿਰੇ ਤੋਂ ਨਕਾਰ ਦੇਣਗੇ।ਉਨ੍ਹਾਂ ਕਿਹਾ ਕਿ ਪੂਰੇ ਦਿੱਲੀ ਦਰਬਾਰ ਦਾ ਲੁਧਿਆਣਾ ਦੀਆਂ ਗਲੀਆਂ ਵਿੱਚ ਡੇਰੇ ਲਾਉਣਾ ਉਨ੍ਹਾਂ ਦੀ ਤਾਕਤ ਨਹੀਂ,ਸਗੋਂ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪਾਰਟੀ ਦਾ ਪੂਰੇ ਪੰਜਾਬ ਵਿੱਚੋਂ ਜਨ-ਆਧਾਰ ਖਿਸਕ ਚੁੱਕਾ ਹੈ ਅਤੇ ਉਹ ਆਪਣਾ ਆਖਰੀ ਕਿਲ੍ਹਾ ਬਚਾਉਣ ਲਈ ਹਤਾਸ਼ ਹਨ।

ਸ.ਬ੍ਰਹਮਪੁਰਾ ਨੇ ਕਿਹਾ,ਅੱਜ ਪੰਜਾਬ ਦੀ ਸਿਆਸੀ ਹਕੀਕਤ ਇਹ ਹੈ ਕਿ ਸਾਡੇ ਵਿਰੋਧੀ ਵੀ ਇਹ ਮੰਨਣ ਲੱਗੇ ਹਨ ਕਿ ਪੰਜਾਬ ਨੂੰ ਜੇਕਰ ਕੋਈ ਤਾਕਤ ਬਚਾ ਸਕਦੀ ਹੈ,ਤਾਂ ਉਹ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੈ।ਪੰਜਾਬ ਦੀ ਭਾਈਚਾਰਕ ਸਾਂਝ ਅਤੇ ਅਮਨ-ਕਾਨੂੰਨ ਦੀ ਰਾਖੀ ਲਈ ਇੱਕ ਮਜ਼ਬੂਤ ਅਤੇ ਤਜਰਬੇਕਾਰ ਅਕਾਲੀ ਦਲ ਦੀ ਮੌਜੂਦਗੀ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਗਈ ਹੈ।'ਆਪ' ਸਰਕਾਰ ਦੀ ਕਾਰਗੁਜ਼ਾਰੀ ਦਾ ਪੋਸਟਮਾਰਟਮ ਕਰਦਿਆਂ ਸ.ਬ੍ਰਹਮਪੁਰਾ ਨੇ ਕਿਹਾ,ਆਮ ਆਦਮੀ ਪਾਰਟੀ ਦੀ ਹਾਰ ਯਕੀਨੀ ਹੈ ਅਤੇ ਇਸ ਦੇ ਕਾਰਨ ਕਿਸੇ ਤੋਂ ਲੁਕੇ ਨਹੀਂ ਹਨ। ਪਹਿਲਾਂ,ਇਨ੍ਹਾਂ ਨੇ ਪੰਜਾਬ ਦੀ ਪੱਗ ਨੂੰ ਦਾਗ਼ ਲਾਉਂਦਿਆਂ ਪੈਸੇ ਦੇ ਜ਼ੋਰ 'ਤੇ ਬਾਹਰੀ ਲੋਕਾਂ ਨੂੰ ਰਾਜ ਸਭਾ ਦੀਆਂ ਸੀਟਾਂ ਵੇਚੀਆਂ।ਦੂਜਾ,ਇਨ੍ਹਾਂ ਨੇ ਪੰਜਾਬ ਨੂੰ ਅਮਨ-ਕਾਨੂੰਨ ਪੱਖੋਂ ਲਾਵਾਰਸ ਕਰਕੇ ਗੈਂਗਸਟਰ ਰਾਜ ਦੀ ਸਥਾਪਨਾ ਕਰ ਦਿੱਤੀ ਹੈ,ਜਿਸ ਕਾਰਨ ਅੱਜ ਹਰ ਵਪਾਰੀ ਅਤੇ ਆਮ ਨਾਗਰਿਕ ਦਹਿਸ਼ਤ ਦੇ ਸਾਏ ਹੇਠ ਜੀਅ ਰਿਹਾ ਹੈ। ਤੀਜਾ,ਨਸ਼ਿਆਂ ਦੇ ਦੈਂਤ ਨੂੰ ਖਤਮ ਕਰਨ ਦੇ ਵਾਅਦੇ ਖੋਖਲੇ ਸਾਬਤ ਹੋਏ ਅਤੇ ਇਹ ਨਸ਼ਾ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ।ਉਨ੍ਹਾਂ ਨੇ ਅਲੋਚਨਾਂ ਕਰਦਿਆਂ ਕਿਹਾ,ਲੁਧਿਆਣਾ ਪੰਜਾਬ ਦਾ ਆਰਥਿਕ ਧੁਰਾ ਹੈ।ਜਦੋਂ ਇੱਥੋਂ ਦਾ ਵਪਾਰੀ ਅਤੇ ਸੂਝਵਾਨ ਵੋਟਰ 'ਆਪ' ਨੂੰ ਨਕਾਰਦਾ ਹੈ,ਤਾਂ ਇਹ ਸਿਰਫ਼ ਇੱਕ ਚੋਣ ਨਤੀਜਾ ਨਹੀਂ, ਸਗੋਂ 'ਆਪ' ਸਰਕਾਰ ਦੀਆਂ ਪੰਜਾਬ-ਵਿਰੋਧੀ ਨੀਤੀਆਂ ਖਿਲਾਫ਼ ਇੱਕ ਫ਼ਤਵਾ ਹੈ।ਇਹ ਇਸ ਗੱਲ ਦਾ ਸਬੂਤ ਹੈ ਕਿ 'ਬਦਲਾਅ' ਦੇ ਨਾਂ 'ਤੇ ਆਈ ਇਹ ਤਬਾਹੀ ਹੁਣ ਲੋਕਾਂ ਨੂੰ ਹੋਰ ਬਰਦਾਸ਼ਤ ਨਹੀਂ ਹੈ।ਸ.ਬ੍ਰਹਮਪੁਰਾ ਨੇ ਪੰਜਾਬ ਦੇ ਸੁਨਹਿਰੇ ਭਵਿੱਖ ਦਾ ਐਲਾਨ ਕਰਦਿਆਂ ਕਿਹਾ, 'ਆਪ' ਸਰਕਾਰ ਦੇ ਕੁਸ਼ਾਸਨ ਦੀ ਇਹ ਹਨੇਰੀ ਰਾਤ ਹੁਣ ਖ਼ਤਮ ਹੋਣ ਵਾਲੀ ਹੈ। ਪੰਜਾਬ ਦੇ ਲੋਕ ਮਾਯੂਸੀ ਦੇ ਹਨੇਰੇ ਨੂੰ ਦੂਰ ਕਰਨ ਲਈ ਤਿਆਰ ਹਨ।ਲੁਧਿਆਣਾ ਦਾ ਨਤੀਜਾ ਉਸ ਨਵੇਂ ਸਵੇਰੇ ਦੀ ਪਹਿਲੀ ਕਿਰਨ ਹੋਵੇਗਾ ਅਤੇ 2027 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਵਿਕਾਸਮੁਖੀ ਰਾਜ ਦਾ ਸੂਰਜ ਪੂਰੇ ਪੰਜਾਬ 'ਤੇ ਆਪਣੀ ਪੂਰੀ ਆਬੋ-ਤਾਬ ਨਾਲ ਚਮਕੇਗਾ।ਇਸ ਮੌਕੇ ਸਾਬਕਾ ਵਿਧਾਇਕ ਬ੍ਰਹਮਪੁਰਾ ਨਾਲ ਅਮਰੀਕ ਸਿੰਘ ਸਾਬਕਾ ਸਰਪੰਚ, ਦਿਲਬਰ ਸਿੰਘ, ਅਵਤਾਰ ਸਿੰਘ ਸੰਧੂ ਰੇਮੰਡ ਵਾਲੇ,ਹਰਬੰਸ ਸਿੰਘ ਫੌਜੀ,ਡਾਕਟਰ ਜਤਿੰਦਰ ਸਿੰਘ,ਗੁਰਦੇਵ ਸਿੰਘ ਸਮਾਜ ਸੇਵਕ, ਬਲਬੀਰ ਸਿੰਘ ਬੱਲੀ ਅਤੇ ਕੁਰਿੰਦਰ ਸਿੰਘ ਆਦਿ ਮੋਹਤਬਰ ਹਾਜ਼ਰ ਸਨ।



## ਥਾਣਾ ਸਿਟੀ ਦੀ ਪੁਲਿਸ ਨੇ 500 ਗਰਾਮ ਚਰਸ ਸਮੇਤ ਦੋ ਵਿਅਕਤੀਆਂ ਨੂੰ ਕੀਤਾ ਕਾਬੂ



**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਸੰਦੀਪ ਮਲਿਕ ਆਈ.ਪੀ.ਐਸ. ਐਸ ਐਸ ਪੀ ਹੁਸ਼ਿਆਰਪੁਰ ਦੀ ਅਗਵਾਈ ਹੇਠ ਤੇ ਮੁਕੇਸ਼ ਕੁਮਾਰ ਐਸ.ਪੀ. ਤਫਤੀਸ਼ ਅਤੇ ਪਲਵਿੰਦਰ ਡੀ.ਐਸ.ਪੀ ਚੱਬੇਵਾਲ ਕਮ ਇੰਨਚਾਰਜ ਸਬ ਡਵੀਜਨ ਸਿਟੀ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਐਸ.ਆਈ ਕਿਰਨ ਸਿੰਘ ਮੁੱਖ ਅਫਸਰ ਥਾਣਾ ਸਿਟੀ, ਹੁਸ਼ਿਆਰਪੁਰ ਨੂੰ ਉਸ ਸਮੇਂ ਵੱਡੀ ਸਫਤਲਾ ਮਿਲੀ, ਉਹਨਾਂ ਦੱਸਿਆ ਕਿ ਏ ਐਸ ਆਈ ਅਨਿਲ ਕੁਮਾਰ ਸਮੇਤ ਪੁਲਿਸ ਪਾਰਟੀ ਵਲੋਂ ਨਸ਼ੇ ਦੇ ਸੌਦਾਗਰਾਂ ਨੂੰ ਫੜਨ ਵਾਸਤੇ ਗਸ਼ਤ ਕਰ ਰਹੇ ਸੀ ਤਾਂ ਜਦੋਂ ਪੁਲਿਸ ਪਾਰਟੀ

ਭੰਗੀ ਪੁੱਲ ਤੋ ਹੁੰਦੇ ਹੋਏ ਦੁਸਾਹਿਰਾ ਗਰਾਊਡ ਧੋਬੀ ਘਾਟ ਚੋਕ ਤੋ ਊਨਾ ਰੋਡ ਨੂੰ ਜਾ ਰਹੇ ਸੀ ਤਾ ਅੱਗੋ ਦੋ ਵਿਅਕਤੀ ਪੈਦਲ ਆਉਦੇ ਦਿਖਾਈ ਦਿੱਤੇ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਮੁੜਨ ਲੱਗੇ ਤਾਂ ਏ.ਐਸ.ਆਈ ਅਨਿਲ ਕੁਮਾਰ ਨੇ ਸ਼ੱਕ ਦੇ ਤੌਰ ਤੇ ਉਨਾ ਨੋਜਵਾਨਾ ਨੂੰ ਕਾਬੂ ਕਰਕੇ ਉਹਨਾਂ ਦਾ ਨਾਮ ਪਤਾ ਪੁੱਛਿਆ, ਤਾ ਉਹਨਾਂ ਵਿੱਚੋ ਇੱਕ ਨੇ ਆਪਣਾ ਨਾਮ ਬਲਵੀਰ ਸਿੰਘ ਉਰਫ ਬੀਰਾ ਪੁੱਤਰ ਭੋਲਾ ਸਿੰਘ ਵਾਸੀ ਰਣਜੀਤ ਨਗਰ ਗਲੀ ਨੰ 01 ਹੁਸ਼ਿਆਰਪੁਰ ਅਤੇ ਪਵਨ ਕੁਮਾਰ ਪੁੱਤਰ ਹਰੀਸ਼ ਕੁਮਾਰ ਵਾਸੀ ਮੁਹੱਲਾ ਪ੍ਰੇਮਗੜ੍ਹ ਹੁਸ਼ਿਆਰਪੁਰ ਦੱਸਿਆ। ਏਐਸਆਈ ਅਨਲ ਕੁਮਾਰ ਨੇ ਦੱਸਿਆ ਕਿ ਇਹਨਾਂ ਦੀ ਤਲਾਸ਼ੀ ਕਰਨ ਤੇ ਉਕਤ ਵਿਅਕਤੀਆਂ ਕੋਲੋਂ 500 ਗ੍ਰਾਮ ਚਰਸ ਬਰਾਮਦ ਹੋਈ। ਜਿਸ ਤੇ ਬਲਵੀਰ ਸਿੰਘ ਉਰਫ ਬੀਰਾ ਅਤੇ ਪਵਨ ਕੁਮਾਰ ਪੁੱਤਰ ਹਰੀਸ਼ ਕੁਮਾਰ ਗ੍ਰਿਫਤਾਰ ਕਰਕੇ ਦੋਵੇਂ ਮੁਲਜਮਾਂ ਤੇ ਥਾਣਾ ਸਿਟੀ ਵਿਖ਼ੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ।

## ਆਲੋਵਾਲ ਦੇ ਸਾਬਕਾ ਸਰਪੰਚ ਵੱਲੋਂ ਕੀਤੇ ਗਬਨ 'ਤੇ ਕਾਰਵਾਈ ਲਈ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ

**▲ ਏਡੀਸੀ ਨੂੰ ਦਿੱਤੀ ਪਿਛਲੀ ਦਰਖ਼ਾਸਤ 'ਤੇ ਨਹੀਂ ਹੋਈ ਕੋਈ ਕਾਰਵਾਈ**
**▲ ਸਾਬਕਾ ਸਰਪੰਚ ਵੱਲੋਂ ਜੁਰਮਾਨੇ ਦੀ ਪੂਰੀ ਰਕਮ ਅਦਾ ਨਾ ਕਰਨ ਦੀ ਕੀਤੀ ਸ਼ਿਕਾਇਤ**

**ਹੁਸ਼ਿਆਰਪੁਰ, ਤਰਸੇਮ ਦੀਵਾਨਾ**

ਪਿੰਡ ਆਲੋਵਾਲ ਦੇ ਸਾਬਕਾ ਸਰਪੰਚ ਅਤੇ ਮੌਜੂਦਾ ਪੰਚ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਬੇਨਿਯਮੀਆਂ ਅਤੇ ਕਥਿਤ ਹੇਰਾਫੇਰੀਆਂ ਦੇ ਸੰਬੰਧ ਵਿੱਚ ਪਿੰਡ ਆਲੋਵਾਲ ਦੀ ਗ੍ਰਾਮ ਸਭਾ ਦੇ ਮੈਂਬਰਾਂ ਦਾ ਵਫਦ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੂੰ ਮਿਲਿਆ ਅਤੇ ਇਸ ਮਾਮਲੇ ਵਿੱਚ ਦਿੱਤੀ ਦਰਖ਼ਾਸਤ ਨੰਬਰ 1697,ਮਿਤੀ 28-11-2024 ਅਤੇ ਏਡੀਸੀ 13.03.2025 ਉੱਪਰ ਲੰਮੇ ਸਮੇਂ ਤੋ ਕੋਈ ਕਾਰਵਾਈ ਨਾ ਹੋਣ ਕਾਰਨ ਲਿਖਤੀ ਯਾਦ ਪੱਤਰ ਦਿੱਤਾ, ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਰਪਾਲ ਸਿੰਘ,ਅਜੇ ਕੁਮਾਰ, ਕਰਤਾਰ ਸਿੰਘ ਅਤੇ ਸਰਬਜੀਤ ਸਿੰਘ ਨੇ ਦੱਸਿਆ ਕਿ ਬੀਤੇ ਸਮੇ 2018 ਤੋ ਲੈ ਕੇ 22.11.2025 ਤੱਕ ਕੀਤੇ ਗਏ ਕੰਮਾਂ ਵਿੱਚ ਲਾਗਤ ਤੋਂ ਵੱਧ ਮਟੀਰੀਅਲ ਦੀ ਖਰੀਦ ਕੀਤੀ ਗਈ ਸੀ ਜਿਸ ਨੂੰ ਦੇਖਦੇ ਹੋਏ ਪਿੰਡ ਆਲੋਵਾਲ ਦੀ ਗ੍ਰਾਮ ਸਭਾ ਵਲ੍ਹੋ ਗ੍ਰਾਮ ਪੰਚਾਇਤ ਆਲੋਵਾਲ ਦੀ ਸ਼ਿਕਾਇਤ ਕੀਤੀ ਗਈ ਸੀ। ਜਿਸ ਵਿੱਚ ਸਾਬਕਾ ਸਰਪੰਚ ਗੁਰਮਿੰਦਰ ਸਿੰਘ ਨੂੰ ਜਾਂਚ ਪੜਤਾਲ ਦੇ ਅਧਾਰ 'ਤੇ ਦੋਸ਼ੀ ਠਹਿਰਾਉਂਦੇ ਹੋਏ ਸਰਕਾਰੀ 95578/- ਰੁਪਏ ਜੁਰਮਾਨਾ ਹੋਇਆ ਸੀ। ਜਿਸ ਵਿੱਚੋ ਸਾਬਕਾ ਸਰਪੰਚ ਨੇ 32000/- ਰੁਪਏ ਜਮਾਂ ਕਰਵਾਇਆ ਸੀ ਬਾਕੀ ਬਚੇ ਸਰਕਾਰੀ ਪੈਸਿਆਂ ਦਾ ਕੋਈ ਹਿਸਾਬ ਨਹੀਂ ਦਿੱਤਾ ਸੀ । ਉਕਤ ਵਿਅਕਤੀਆਂ ਨੇ ਦੱਸਿਆ ਕਿ ਇਸ ਬਾਰੇ ਅਸੀ ਇਕ ਦਰਖਾਸਤ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਨੂੰ ਦੇ ਚੁੱਕੇ ਹਾਂ ਜਿਸ ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਸਾਡੇ ਵਲੋਂ ਕਈ ਵਾਰ ਦਫਤਰਾਂ ਦੇ ਚੱਕਰ ਕੱਟਣ ਦੇ ਬਾਵਜੂਦ ਕੋਈ ਵੀ ਹੱਲ ਨਹੀਂ ਹੋਇਆ। ਇਸ ਲਈ ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਉਪਰੋਕਤ ਦਰਖਾਸਤ 'ਤੇ ਜਲਦ ਤੋ ਜਲਦ ਕਾਰਵਾਈ ਕੀਤੀ ਜਾਵੇ। ਵਫਦ ਨੇ ਦੱਸਿਆ ਕਿ ਇਸ ਦਰਖ਼ਾਸਤ ਨਾਲ ਲੋੜੀਂਦਾ ਰਿਕਾਰਡ ਨੀ ਨਾਲ ਨੱਥੀ ਕੀਤਾ ਗਿਆ ਹੈ ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਵਫਦ ਦੇ ਆਗੂਆਂ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਿਚ ਸੀਵਰੇਜ ਪਾਇਆ ਗਿਆ ਹੈ ਜਿਸ ਦਾ ਪਾਣੀ ਛੱਪੜ ਵਾਲੇ ਪਾਸੇ ਜਾਣ ਦੀ ਬਜਾਏ ਘਰਾਂ ਵੱਲ ਜਾ ਰਿਹਾ ਹੈ ਜੋ ਨਿਯਮਾਂ ਦੇ ਉਲਟ ਹੈ ਇਸ ਲਈ ਇਸ ਤਰੁੱਟੀ ਨੂੰ ਦੂਰ ਕਰਕੇ ਇਸ ਮਾਮਲੇ ਦੀ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਗਈ ।

ਉਨ੍ਹਾਂ ਦੱਸਿਆ ਕਿ ਸਾਲ 2019 ਤੋਂ ਚੱਲ ਰਹੇ ਨਰੇਗਾ ਦੇ ਕੰਮ ਵਿੱਚ ਦੋ ਵਿਅਕਤੀਆਂ ਮਲਕੀਤ ਸਿੰਘ ਅਤੇ ਜੋਤੀ ਕਮਲ ਦਾ ਨਾਮ ਹਰ ਮਹੀਨੇ ਪਾ ਕੇ ਉਸਦੀ ਪੇਮੈਂਟ ਨਜਾਇਜ ਤੋਰ ਤੇ ਕਢਵਾਈ ਜਾ ਰਹੀ ਸੀ । ਵਫਦ ਨੇ ਕਿਹਾ ਕਿ ਇਸਦੀ ਵੀ ਜਾਂਚ ਕਰਵਾਈ ਜਾਵੇ ਉਹਨਾਂ ਹੋਰ ਦੱਸਿਆ ਕਿ ਨਰੇਗਾ ਸਕੀਮ ਦੇ ਅਧੀਨ ਨਰੇਗਾ ਕਰਮਚਾਰੀਆਂ ਨੂੰ ਸ਼ੈੱਡ ਬਣਾਉਣ ਲਈ ਗਰਾਂਟ ਦਿੱਤੀ ਗਈ ਸੀ । ਪਰ ਸਰਪੰਚ ਗੁਰਮਿੰਦਰ ਸਿੰਘ ਨੇ ਕੁਝ ਆਪਣੇ ਨੇੜਲੇ ਵਿਅਕਤੀਆਂ ਦੇ ਨਵੇਂ ਜੌਬ ਕਾਰਡ ਬਣਾਕੇ ਉਹਨਾਂ ਨੂੰ ਗਰਾਂਟ ਦਿਵਾਈ ਗਈ । ਪਰੰਤੂ ਇਹਨਾਂ ਵਿਅਕਤੀਆਂ ਨੇ ਅਜੇ ਤਕ ਲੇਬਰ ਦਾ ਕੰਮ ਨਹੀਂ ਕੀਤਾ ਇਸ ਤੋ ਇਲਾਵਾ ਮਲਕੀਤ ਲਾਲ ਪੁੱਤਰ ਬਾਬੂ ਰਾਮ ਤੋਂ ਸਰਪੰਚ ਗੁਰਮਿੰਦਰ ਸਿੰਘ ਨੇ ਸੈਂਟਰਲ ਗੋਰਮਿੰਟ ਦੀ ਜਗਾ ਤੇ ਨਜਾਇਜ ਕਬਜਾ ਕਰਵਾਕੇ ਨਜਾਇਜ ਉਸਾਰੀ ਕਰਵਾਈ ਪਿੰਡ ਦੇ ਕੁਝ ਵਿਅਕਤੀਆਂ ਵੱਲੋ ਡਿਪਟੀ ਕਮਿਸ਼ਨਰ ਤੱਕ ਪਹੁੰਚ ਕਰਕੇ ਰੋਕਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰੰਤੂ ਸਰਪੰਚ ਵੱਲੋ ਮੌਕੇ ਦੀ ਸਰਕਾਰ ਦਾ ਨਜਾਇਜ ਫਾਇਦਾ ਲੈ ਕੇ ਉਸਾਰੀ ਕਰਵਾਈ ਗਈ ਉਹਨਾਂ ਅੱਗੇ ਦੱਸਿਆ ਕਿ ਸਰਪੰਚ ਗੁਰਮਿੰਦਰ ਸਿੰਘ ਨੇ ਆਪਣੇ ਢੇਰਾਂ ਵਾਲੀ ਜਗਾ ਤੇ ਆਪਣੀ ਭੈਣ ਤੋਂ ਨਜਾਇਜ ਉਸਾਰੀ ਕਰਵਾਕੇ ਮਕਾਨ ਪੁਆਇਆ ਅਤੇ ਆਪਣੇ ਕੁਝ ਕੁ ਨੇੜਲੇ ਸਾਥੀਆਂ ਨੂੰ ਲਾਭ ਪਹੁੰਚਾਇਆ ਗਿਆ ਵਫਦ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਤੋਂ ਮੰਗ ਕੀਤੀ ਕਿ ਉਪਰੋਕਤ ਸਾਰੇ ਮਸਲਿਆਂ ਦੀ ਨਿਰਪੱਖ ਜਾਂਚ ਕਰਵਾਕੇ ਕਥਿਤ ਕਸੂਰਵਾਰ ਗੁਰਮਿੰਦਰ ਸਿੰਘ ਖਿਲਾਫ ਕਾਨੂੰਨੀ ਕਾਰਵਾਈ ਕਰਵਾਈ ਜਾਵੇ ।




## ਜਿਲ੍ਹੇ ਦੇ 582 ਅਨੁਸੂਚਿਤ ਜਾਤੀ ਭਾਈਚਾਰੇ ਦੇ ਪਰਿਵਾਰਾਂ ਦੇ ਕਰਜੇ ਕੀਤੇ ਮੁਆਫ - ਡਿਪਟੀ ਕਮਿਸ਼ਨਰ

**ਜੰਡਿਆਲਾ ਗੁਰੂ / ਗੁਰਦੇਵ ਸਿੰਘ ਮਨਜੋਤਰਾਂ**

ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਪਿਛਲੇ ਦਿਨੀਂ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ 67.84 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਗਏ ਸਨ। ਜਿਸ ਵਿਚੋਂ ਅੰਮ੍ਰਿਤਸਰ ਜਿਲ੍ਹੇ ਦੇ 582 ਲਾਭਪਾਤਰੀਆਂ ਦੇ 5 ਕਰੋੜ 82 ਲੱਖ ਦੇ ਕਰਜ਼ੇ ਮੁਆਫ਼ ਹੋਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸੂਬਾ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਲਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਵੱਧ ਤੋਂ ਵੱਧ ਭਲਾਈ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੂਬੇ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਇਹ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋਇਆ ਹੈ ਕਿਉਂਕਿ ਪਹਿਲੀ ਵਾਰ ਸੂਬੇ ਦਾ ਬਜਟ ਆਮ ਆਦਮੀ ਦੀ ਭਲਾਈ ਲਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਜਨਤਕ ਭਲਾਈ 'ਤੇ ਖਰਚ ਕਰ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਮੁਆਫ਼ੀ ਪੀ.ਐਸ.ਸੀ.ਐਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ ਜਿਸ ਨਾਲ ਐਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੀ ਹੈ। ਇਸ ਕਦਮ ਨਾਲ ਜਿਲੇ ਦੇ 582 ਐਸ.ਸੀ. ਪਰਿਵਾਰ ਇਸ ਕਰਜਾ ਮੁਆਫ਼ੀ ਯੋਜਨਾ ਹੇਠ ਆਉਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐਸ.ਸੀ.ਐਫ.ਸੀ.) ਵੱਲੋਂ 31 ਮਾਰਚ, 2020 ਤੱਕ ਵੰਡੇ ਗਏ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਫ਼ੀ ਪੀ.ਐਸ.ਸੀ.ਐਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ ਜਿਸ ਨਾਲ ਐਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ (ਨੋ ਡਿਊ ਸਰਟੀਫਿਕੇਟ) ਜਾਰੀ ਕੀਤੇ ਜਾਣਗੇ। ਉਨਾਂ ਦੱਸਿਆ ਕਿ 30 ਅਪ੍ਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐਸ.ਸੀ.ਐਫ.ਸੀ. ਨੂੰ ਵਾਪਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਹੱਤਵਪੂਰਨ ਗੱਲ ਇਹ ਹੈ ਕਿ ਜਿਨ੍ਹਾਂ ਕਰਜ਼ਦਾਰਾਂ ਨੇ ਪਹਿਲਾਂ ਵੀ ਕਰਜ਼ਾ ਮੁਆਫੀ ਸਕੀਮਾਂ ਲਾਭ ਪ੍ਰਾਪਤ ਕੀਤਾ ਹੈ, ਉਹ ਵੀ ਇਸ ਮੁਆਫੀ ਸਕੀਮ ਦਾ ਲਾਭ ਲੈਣ ਲਈ ਯੋਗ ਮੰਨੇ ਜਾਣਗੇ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫੀ ਤੋਂ ਬਾਅਦ ਪੀ.ਐਸ.ਸੀ.ਐਫ.ਸੀ. ਦੇ ਨਿਯਮਾਂ ਤਹਿਤ ਕਰਜ਼ਾ ਲੈਣ ਵਾਲਿਆਂ ਵਿਰੁੱਧ ਰਿਕਵਰੀ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੱਟ-ਆਫ ਮਿਤੀ ਤੱਕ ਉਨ੍ਹਾਂ ਦੇ ਖਾਤਿਆਂ ਨੂੰ ਪੂਰੀ ਤਰ੍ਹਾਂ ਸੈਟਲ ਮੰਨਿਆ ਜਾਵੇਗਾ।



## ਜਹਾਜ਼ ਹਾਦਸੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ



**ਅੰਮ੍ਰਿਤਸਰ /ਮਲਕੀਅਤ ਸਿੰਘ**

ਨਮੋ-ਨਮੋ ਮੋਰਚਾ ਭਾਰਤ,ਦੀ ਰਾਮ ਤਲਾਈ ਆਫਿਸ ਪੰਜਾਬ ਅੰਮ੍ਰਿਤਸਰ ਵਿੱਚ ਸੰਦੀਪ ਕੁਮਾਰ ,ਅੰਮ੍ਰਿਤਸਰ ਜ਼ਿਲ੍ਹਾ

ਪ੍ਰਧਾਨ ਦੇ ਵਲੋ ਸ਼ਰਧਾਂਜ਼ਲੀ ਸਮਰੋਹ ਰੱਖਿਆ ਗਿਆ। ਜਿਸ ਵਿੱਚ ਨਮੋ ਨਮੋ ਮੋਰਚਾ ਭਾਰਤ,ਪੰਜਾਬ ਪ੍ਰਧਾਨ ਪ੍ਰਵੀਨ ਦੱਤਾ ਅਤੇ ਸਨੀ ਸਹੋਤਾ ਪੰਜਾਬ ਯੂਥ ਪ੍ਰਧਾਨ ਦੀ ਅਗਵਾਈ ਵਿੱਚ ,ਕੁਝ ਦਿਨ ਪਹਿਲਾ ਜਹਾਜ਼ ਹਾਦਸੇ ਵਿੱਚ ਜਾਨ ਗਵਾਉਣ ਵਾਲ? ਗੁਜਰਾਤ ਦੇ ਸਾਬਕਾ ਸੀ.ਐਮ ਵਿਜੈ ਰੂਪਾਣੀ ਜੀ ਨੂੰ ਸ਼ਰਧਾ ਦੇ ਫ਼ੁੱਲ ਭੇਂਟ ਕਰਦੇ ਹੋਏ ਸ਼ਰਧਾਂਜਲੀ ਦਿੱਤੀ ਗਈ। ਇਸ ਸ਼ਰਧਾਂਜਲੀ ਸਮਾਰੋਹ ਵਿੱਚ ਖਾਸ ਤੌਰ 'ਤੇ ਪਰਦੀਪ ਕੁਮਾਰ ਅੰਮ੍ਰਿਤਸਰ ਯੂਥ ਪ੍ਰਧਾਨ, ਰੋਹਿਤ ਪਾਲ ਸਿੰਘ ਅਤੇ ਹਰਪ੍ਰੀਤ ਸਿੰਘ,ਸੰਜਯ ਪਾਸਵਾਨ, ਅਨਮੋਲ ਸਿੰਘ ਅਤੇ ਰਾਹੁਲ, ਸੇਮ ਅਤੇ ਹੋਰ ਵੀ ਮੈਂਬਰ ਮੌਜੂਦ ਰਹੇ।

## ਧੰਨ ਬਾਬਾ ਜੀਵਨ ਸਿੰਘ ਸੁਸਾਇਟੀ (ਪੰਜਾਬ) ਵੱਲੋਂ ਵਿਜੇ ਰੂਪਾਨੀ ਦੇ ਪਰਿਵਾਰ ਨਾਲ ਦੁੱਖ ਕੀਤਾ ਸਾਂਝਾ

**ਅੰਮ੍ਰਿਤਸਰ, ਅੰਮ੍ਰਿਤਾ ਭਗਤ**

ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ ਰਾਜਕੋਟ ਵਿਖੇ ਸ੍ਰੀ ਵਿਜੇ ਰੁਪਾਨੀ ਜੀ ਦੇ ਪਰਿਵਾਰ ਨੂੰ ਮਿਲੇ ਅਤੇ ਦੁੱਖ ਸਾਂਝਾ ਕੀਤਾ । ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸ਼੍ਰੀ ਵਿਜੇ ਰੂਪਾਨੀ ਦੇ ਅਹਿਮਦਾਬਾਦ ਹਵਾਈ ਅੱਡੇ ਨੇੜੇ ਏਅਰ ਇੰਡੀਆ ਦੇ ਜਹਾਜ਼ ਹਾਦਸੇ ਵਿੱਚ ਦੇਹਾਂਤ ਹੋਇਆ ਸੀ ਉਨ੍ਹਾਂ ਦੇ ਬੇਵਕਤੀ ਵਿਛੋੜੇ ਨੇ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਾਇਆ ਹੈ । ਭਾਈ ਮਨਜੀਤ ਸਿੰਘ ਨੇ ਇਸ ਸੋਗ ਦੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਜਤਾਈ । ਤੇ ਪਰਿਵਾਰ ਨੂੰ ਭਾਣਾ ਮੰਨਣ ਤੇ ਵਿਛੜੀ ਰੂਹ ਨੂੰ ਪਰਮਾਤਮਾ ਦੇ ਚਰਨਾਂ ਵਿੱਚ ਨਿਵਾਸ ਬਖਸ਼ਣ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ। ਇਸ ਮੌਕੇ ਪਰਮਜੀਤ ਕੌਰ ਛਾਬੜਾ (ਸਿੱਖ ਫਾਊਂਡੇਸ਼ਨ ਪ੍ਰਧਾਨ ਗੁਜਰਾਤ), ਕੁਲਵਿੰਦਰ ਸਿੰਘ ਸਿੱਕਾ, ਜਲਮੀਤ ਢਿੱਲੋਂ (ਰਾਜਕੋਟ ਗੁਰਦੁਆਰਾ ਪ੍ਰਧਾਨ), ਉਜਾਗਰ ਸਿੰਘ (ਭੇਟ ਦਵਾਰਕਾ ਗੁਰਦੁਆਰਾ ਪ੍ਰਧਾਨ) ਸਰਦਾਰ ਅਜੀਤ ਸਿੰਘ ਛਾਬੜਾ (ਚੇਤਰੀਆ ਆਦਿਕਸ਼ ਕਾਨਪੁਰ), ਐਚਐਸ ਸੰਦੂ (ਓ.ਐਨ.ਜੀ.ਸੀ. ਜੀ.ਐਮ ਰਿਟਾਇਰ ਅਹਿਮਦਾਬਾਦ), ਹਰਜਿੰਦਰ ਸਿੰਘ (ਗੁਜਰਾਤ ਟੂਰਿਜ਼ਮ ਅਹਿਮਦਾਬਾਦ), ਗੋਲਡੀ (ਜਾਮਨਗਰ ਗੁਰਦੁਆਰਾ ਪ੍ਰਧਾਨ)

ਹਰੀ ਸਿੰਘ (ਰਾਜਕੋਟ ਸਮਾਜਕ ਸੇਵਾਦਾਰ ਅਤੇ ਗੁਰਦੁਆਰਾ ਇੰਚਾਰਜ) ਆਦਿ ਉੱਗੇ ਨੇਤਾ ਸ਼ਾਮਲ ਸਨ ।



## ਸੂਦ ਵਿਰਕ ਦੇ ਚੌਥੇ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਨੂੰ ਜਨਾਬ ਸਤਪਾਲ ਸਾਹਲੋਂ ਨੇ ਕਿਹਾ ਖੁਸ਼ ਆਮਦੀਦ !

**ਹੁਸ਼ਿਆਰਪੁਰ /ਸਾਹਲੋਂ/ਤਰਸੇਮ ਦੀਵਾਨਾ**

ਮਹਿੰਦਰ ਸੂਦ ਵਿਰਕ ਇਕ ਉਭਰਦਾ ਨਾਮਵਰ ਨੌਜਵਾਨ ਸ਼ਾਇਰ ਹੈ। ਜਿਸ ਨੇ ਥੋੜ੍ਹੇ ਸਮੇਂ ਵਿੱਚ ਹੀ ਸਖ਼ਤ ਮਿਹਨਤ ਕਰਕੇ ਅਨੇਕਾਂ ਕਾਵਿ ਰਚਨਾਂਵਾਂ ਨੂੰ ਜਨਮ ਦਿੱਤਾ ਅਤੇ ਡਿਜ਼ੀਟਲ ਕ੍ਰਾਂਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਪੰਜਾਬੀ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਇਆ। ਇਸ ਨੇ ਆਪਣੀਆਂ ਕਾਵਿ ਰਚਨਾਂਵਾਂ ਵਿੱਚ ਆਪਣੇ ਖਿਆਲਾਂ ਨੂੰ ਭਾਰੂ ਕਰਦੇ ਹੋਏ ਕਿਸੇ ਵੀ ਬੰਦਸ਼ ਤੋਂ ਦੂਰ ਰਹਿਣ ਨੂੰ ਤਰਜ਼ੀਹ ਦਿੱਤੀ ਹੈ। ਇਸ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਤਿੰਨ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ " ਸੱਚ ਦਾ ਹੋਕਾ " ਅਤੇ " ਸੱਚ ਕੌੜਾ ਆ " ਅਤੇ "ਸੱਚ ਵਾਂਗ ਕੱਚ" ਨੂੰ ਪਾਠਕਾਂ ਦੀ ਝੋਲੀ ਵਿੱਚ ਪਾ ਕੇ ਆਪਣਾ ਨਾਮ ਸਥਾਪਤ ਕਵੀਆਂ ਦੀ ਕਤਾਰ ਵਿੱਚ ਲੈ ਕੇ ਆਂਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਲਿਖਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਚਲਾਉਂਦੇ ਹੋਏ ਕਿਸੇ ਵੀ ਤਰ੍ਹਾਂ ਦੇ ਪ੍ਰਵਾਹ ਕੀਤੇ ਬਿਨਾਂ ਪੂਰੀ ਸਪੀਡ ਨਾਲ ਲਿਖਣ ਦੇ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਇਨ੍ਹਾਂ ਈ ਬੁੱਕਾਂ ਨੇ ਪਾਠਕਾਂ ਦਾ ਅਥਾਹ ਪਿਆਰ ਇਸਦੀ ਝੋਲੀ ਵਿੱਚ ਪਾਇਆ। ਜਿਸ ਪਿਆਰ ਸਦਕਾ ਹੀ ਮਹਿੰਦਰ ਸੂਦ ਤੋਂ ਮਹਿੰਦਰ ਸੂਦ ਵਿਰਕ ਬਣੇ ਇਸ ਨੌਜਵਾਨ ਸ਼ਾਇਰ ਨੂੰ ਚੌਥੇ ਕਾਵਿ ਸੰਗ੍ਰਹਿ ਨੂੰ ਈ ਬੁੱਕ ਦੇ ਰੂਪ ਵਿੱਚ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਬੱਲ ਮਿਲਿਆ ਹੈ। ਇਸ ਦੇ ਚੌਥੇ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਨੂੰ ਖੁਸ਼ ਆਮਦੀਦ ਕਹਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਇਸ ਨੂੰ ਪਹਿਲਾਂ ਵਰਗਾ ਹੀ ਪਿਆਰ ਦੇਣਗੇ ਅਤੇ ਇਸ ਦੀ ਕਲਮ ਨੂੰ ਹੋਰ ਬਲ ਬਖਸ਼ਣਗੇ।

ਮਹਿੰਦਰ ਸੂਦ ਵਿਰਕ ਬਹੁਤ ਹੀ ਮਿਲਾਪੜਾ,ਮਿਹਨਤੀ ਤੇ ਮਿਲਣਸਾਰ ਹਸਮੁੱਖ ਸ਼ਾਇਰ ਹੈ ਜਿਸ ਨੂੰ ਹਰ ਕੋਈ ਪਿਆਰ ਕਰਦਾ ਹੈ। ਅਜਿਹੇ ਸ਼ਾਇਰ ਦੀਆਂ ਕਿਰਤਾਂ ਨੂੰ ਖੁਸ਼ ਆਮਦੀਦ ਕਹਿਣਾ ਤਾਂ ਬਣਦਾ ਹੈ ।




## ਬਾਬਾ ਲਾਹੌਰੀ ਸ਼ਾਹ ਦਾ ਸਾਲਾਨਾ ਮੇਲਾ 29 ਜੂਨ ਨੂੰ

**ਕਪੂਰਥਲਾ / ਸੁਖੀਜਾ**

ਬਾਬਾ ਲਾਹੌਰੀ ਸ਼ਾਹ ਮੇਲਾ ਪ੍ਰਬੰਧਕ ਕਮੇਟੀ ਢਿਲਵਾਂ ਵੱਲੋਂ ਪ੍ਰਵਾਸੀ ਭਾਰਤੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਲਾਹੌਰੀ ਸ਼ਾਹ ਜੀ ਦਾ ਸਾਲਾਨਾ ਮੇਲਾ 29 ਜੂਨ ਨੂੰ ਕਸਬਾ ਢਿਲਵਾਂ ਵਿੱਚ ਬਾਬਾ ਲਾਹੌਰੀ ਸ਼ਾਹ ਜੀ ਦੇ ਪਵਿੱਤਰ ਅਸਥਾਨ ਤੇ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ। ਮੁੱਖ ਪ੍ਰਬੰਧਕ ਹਰਨੇਕ ਸਿੰਘ ਚੱਕੀ ਵਾਲੇ ਨੇ ਦੱਸਿਆ ਕਿ ਇਸ ਸਾਲਾਨਾ ਮੇਲੇ ਵਿੱਚ ਪ੍ਰਸਿੱਧ ਗਾਇਕ ਮਦਨ ਮੱਦੀ,ਬਲਕਾਰ ਅਣਖੀਲਾ ਮਨਜਿੰਦਰ ਗੁਲਸ਼ਨ ਆਪਣੇ ਫਨ ਦਾ ਮੁਜਾਹਰਾ ਕਰਨਗੇ। ਮੇਲੇ ਦਾ ਉਦਘਾਟਨ ਸਵੇਰੇ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ। ਸ੍ਰਾਮ ਨੂੰ ਕਬੱਡੀ ਕਲੱਬਾਂ ਦਾ ਸ਼ੋਅ ਮੈਚ ਵੀ ਹੋਵੇਗਾ। ਗੁਰੂ ਕਾ ਲੰਗਰ ਅਤੇ ਛਬੀਲ ਅਤੁੱਟ ਵਰਤੇਗੀ। ਇਸ ਮੇਲੇ ਸਬੰਧੀ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

## ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਤੇ ਬੇਅੰਤ ਸਿੰਘਾਂ ਸਿੰਘਣੀਆਂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਬਾਬਾ ਬਿਬੇਕ ਸਿੰਘ

**ਲੋੜਵੰਦ ਬੇਟੀ ਦਾ ਵਿਆਹ ਆਨੰਦ ਕਾਰਜ ਕਰਵਾਇਆ ਗਿਆ**

**ਜੰਡਿਆਲਾ ਗੁਰੂ / ਗੁਰਦੇਵ ਸਿੰਘ ਮਨਜੋਤਰਾਂ**

ਬੀਤੇ ਦਿਨ ਸਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਤੇ 1984 ਦੇ ਸਮੂਹ ਸਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਵੱਲੋਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਦੇਸ ਵਿਦੇਸ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਗੁਰਮਤਿ ਸਮਾਗਮ ਕਰਵਾਇਆ ਗਿਆ ਪੁਰਬ ਨੂੰ ਸਮਰਪਿਤ ਤਿੰਨ ਰੋਜ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਅਤੇ ਦੂਖ ਨਿਵਾਰਨ ਕੈਂਪ ਲਗਾਇਆ ਗਿਆ ਅਤੇ ਨਾਲ ਹੀ ਲੋੜਵੰਦ ਬੇਟੀ ਦਾ ਆਨੰਦ ਕਾਰਜ ਵਿਆਹ ਸਮਾਗਮ ਕਰਵਾਇਆ ਗਿਆ ਅਤੇ ਬੇਟੀ ਨੂੰ ਵਿਆਹਣ ਆਈ ਬਰਾਤ ਨੂੰ ਸੰਭਾਲਦਿਆਂ ਹੋਇਆ ਬਰਾਤ ਨੂੰ ਜੀ ਆਇਆ ਆਖਿਆ ਅਤੇ ਵੱਖ-ਵੱਖ ਪਦਾਰਥਾਂ ਦੇ ਲੰਗਰ ਛਕਾਏ ਗਏ ਇਸ ਮੌਕੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਬੀਤੇ ਦਹਾਕੇ ਦੀ ਗੱਲ ਕਰੀਏ ਤਾਂ ਭਾਰਤੀ ਹਕੂਮਤ ਵੱਲੋਂ ਸਿੱਖਾਂ ਦੀ ਮਹਾਨ ਆਸਥਾ ਦੇ ਘਰ ਸਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੱਲੋਂ ਸਾਜੇ ਗਏ ਸਰਬਉਚ ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ਭਾਰਤੀ ਫੌਜੀ ਕਾਰਵਾਈ ਰਾਹੀਂ ਟੈਂਕਾਂ ਤੋਪਾਂ ਗੋਲਿਆਂ ਨਾਲ ਹਮਲਾ ਕਰਕੇ ਭਾਰੀ ਨੁਕਸਾਨ ਕੀਤਾ ਗਿਆ ਅਤੇ ਨਾਲ ਹੋਰ ਵੀ ਪੰਜਾਬ ਵਿੱਚ ਬੇਅੰਤ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ , ਜਰਨਲ ਭਾਈ ਸੁਬੇਗ ਸਿੰਘ ਤੇ ਹੋਰ ਸੈਕੜੇ ਸਿੰਘਾਂ ਸਿੰਘਣੀਆਂ ਦੁੱਧ ਚੁੰਘਦੇ ਬੱਚਿਆਂ ਨੂੰ ਗੋਲੀਆਂ ਮਾਰ ਕਿ ਸ਼ਹੀਦ ਕਰ ਦਿੱਤਾ ਗਿਆ ਅਤੇ ਦਿਲੀ ਵਿੱਚ ਸੈਕੜੇ ਸਿੱਖਾਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੇ ਗਲਾਂ ਵਿਚ ਟਾਇਰ ਪਾ ਕਿ ਜਿੰਦਾ ਜਲ੍ਹਾ ਕਿ ਸਹੀਦ ਕਰ ਦਿੱਤਾ ਗਿਆ ਜਿਸ ਦੁਖਾਂਤ ਨੂੰ ਰਹਿੰਦੀ ਦੁਨੀਆ ਤੱਕ ਭੁਲਾਇਆ ਨਹੀਂ ਜਾ ਸਕਦਾ ਆਖਿਰ ਵਿੱਚ ਬਾਬਾ ਬਿਬੇਕ ਸਿੰਘ ਜੀ ਨੇ ਸਮੂਹ ਸਹੀਦਾਂ ਨੂੰ ਯਾਦ ਕਰਦਿਆ ਹੋਇਆ ਕੋਟਨਿ ਕੋਟਿ ਪ੍ਰਣਾਮ ਕਰਦਿਆਂ ਸਮੂਹ ਸੰਗਤਾਂ ਨੂੰ ਆਪਣੇ ਨਿੱਤਨੇਮ ਤੋਂ ਇਲਾਵਾ ਸਹੀਦੀ ਦਿਹਾੜਿਆਂ ਚ ਵੱਧ ਤੋਂ ਵੱਧ ਗੁਰਬਾਣੀ ਸਰਵਨ ਕਰਨ ਲਈ ਬੇਨਤੀ ਕੀਤੀ ! ਇਸ ਮੌਕੇ ਸਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾਦਲ ਦੇ ਸਿੰਘ ਸਾਹਬ ਜਥੇਦਾਰ ਬਾਬਾ ਮੇਜਰ ਸਿੰਘ ਵੱਲੋਂ ਜਥੇ ਸਮੇਤ ਲਗਵਾਈ ਹਾਜ਼ਰੀ ਬਾਬਾ ਬਿਬੇਕ ਸਿੰਘ ਜੀ ਵੱਲੋਂ ਸਿਰੋਪਾਓ ਪਾ ਕਿ ਕੀਤਾ ਗਿਆ ਸਨਮਾਨਿਤ !



# ਚੋਕਰਸ ਤੋਂ ਚੈਂਪੀਅਨ ਤੱਕ ਦਾ ਸਫਰ

ਕ੍ਰਿਕਟ ਦੀ ਦੁਨੀਆ ਵਿੱਚ ਕੁਝ ਟੀਮਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਪ੍ਰਤਿਭਾ ਅਤੇ ਸਮਰੱਥਾ 'ਤੇ ਕੋਈ ਸਵਾਲ ਨਹੀਂ ਉੱਠਦਾ, ਪਰ ਜਦੋਂ ਗੱਲ ਵੱਡੇ ਮੰਚ 'ਤੇ ਜਿੱਤ ਦੀ ਆਉਂਦੀ ਹੈ, ਤਾਂ ਕਈ ਵਾਰ ਉਹ ਆਪਣੇ ਹੀ ਪੈਰਾਂ 'ਤੇ ਕੁਹਾੜੀ ਮਾਰ ਲੈਂਦੀਆਂ ਹਨ। ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਦੀ ਕਹਾਣੀ ਵੀ ਕੁਝ ਅਜਿਹੀ ਹੀ ਰਹੀ ਹੈ। ਇਸ ਟੀਮ ਨੇ ਹਮੇਸ਼ਾ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਖੇਡ ਨਾਲ ਪ੍ਰਸ਼ੰਸਕਾਂ ਦਾ ਦਿਲ ਜਿੱਤਿਆ, ਪਰ ਜਦੋਂ ਆਈਸੀਸੀ ਟੂਰਨਾਮੈਂਟਾਂ ਦੇ ਸੈਮੀਫਾਈਨਲ ਜਾਂ ਫਾਈਨਲ ਦੀ ਗੱਲ ਆਉਂਦੀ, ਤਾਂ ਇਹ ਟੀਮ ਅਕਸਰ ਆਪਣੀਆਂ ਗਲਤੀਆਂ ਜਾਂ ਦਬਾਅ ਦੇ ਅੱਗੇ ਝੁਕ ਜਾਂਦੀ। ਇਸ ਕਾਰਨ ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਨੂੰ ÷ਚੋਕਰਸ÷ ਦਾ ਖਿਤਾਬ ਮਿਲਿਆ, ਜੋ ਇੱਕ ਅਜਿਹਾ ਕਲੰਕ ਸੀ, ਜਿਸ ਨੇ ਇਸ ਟੀਮ ਦੀ ਸ਼ਾਨਦਾਰ ਪ੍ਰਤਿਭਾ 'ਤੇ ਸਦਾ ਸਵਾਲ ਖੜ੍ਹੇ ਕੀਤੇ। ਪਰ 14 ਜੂਨ 2025 ਨੂੰ, ਲਾਰਡਜ਼ ਦੇ ਇਤਿਹਾਸਕ ਮੈਦਾਨ 'ਤੇ, ਸਾਊਥ ਅਫਰੀਕਾ ਨੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਆਸਟਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਨਾ ਸਿਰਫ 27 ਸਾਲਾਂ ਦਾ ਆਈਸੀਸੀ ਟਰਾਫੀ ਦਾ ਸੋਕਾ ਖਤਮ ਕੀਤਾ, ਸਗੋਂ ÷ਚੋਕਰਸ÷ ਦੇ ਇਸ ਕਲੰਕ ਨੂੰ ਵੀ ਸਦਾ ਲਈ ਧੋ ਦਿੱਤਾ। ਇਹ ਲੇਖ ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਦੇ ਇਸ ਪ੍ਰੇਰਣਾਦਾਇਕ ਸਫਰ ਨੂੰ ਦਰਸਾਉਂਦਾ ਹੈ, ਜਿਸ ਨੇ ਬਾਰ-ਬਾਰ ਦੁੱਖ ਅਤੇ ਨਿਰਾਸ਼ਾ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਹੌਸਲਾ ਨਹੀਂ ਹਾਰਿਆ ਅਤੇ ਅੰਤ ਵਿੱਚ ਚੈਂਪੀਅਨ ਬਣ ਕੇ ਸਾਰੀ ਦੁਨੀਆ ਨੂੰ ਆਪਣੀ ਹਿੰਮਤ ਦੀ ਮਿਸਾਲ ਦਿੱਤੀ।

ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਦੀ ਸ਼ੁਰੂਆਤੀ ਸਫਰ ਦੀ ਗੱਲ ਕਰੀਏ ਤਾਂ, ਇਸ ਟੀਮ ਨੇ 1992 ਵਿੱਚ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਵਾਪਸੀ ਕਰਨ ਤੋਂ ਬਾਅਦ ਹੀ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਹੰਸੀ ਕ੍ਰੋਨਜੇ, ਜੈਕ ਕੈਲਿਸ, ਗ੍ਰੀਮ ਸਮਿਥ, ਏਬੀ ਡਿਵਿਲੀਅਰਸ, ਡੇਲ ਸਟੇਨ ਅਤੇ ਕਾਗਿਸੋ ਰਬਾਡਾ ਵਰਗੇ ਖਿਡਾਰੀਆਂ ਨੇ ਸਾਊਥ ਅਫਰੀਕਾ ਨੂੰ ਵਿਸ਼ਵ ਕ੍ਰਿਕਟ ਵਿੱਚ ਇੱਕ ਮਜ਼ਬੂਤ ਸਥਾਨ ਦਿਵਾਇਆ। ਇਹ ਖਿਡਾਰੀ ਨਾ ਸਿਰਫ ਆਪਣੀ ਖੇਡ ਸ਼ੈਲੀ ਸਗੋਂ ਮੈਦਾਨ 'ਤੇ ਜੁਝਾਰੂਪਣ ਲਈ ਵੀ ਜਾਣੇ ਜਾਂਦੇ ਸਨ। ਸਾਊਥ ਅਫਰੀਕਾ ਨੇ ਟੈਸਟ, ਵਨਡੇ ਅਤੇ ਟੀ-20 ਵਿੱਚ ਬਹੁਤ ਸਾਰੀਆਂ ਸੀਰੀਜ਼ ਜਿੱਤੀਆਂ, ਪਰ ਜਦੋਂ ਗੱਲ ਆਈਸੀਸੀ ਦੇ ਵੱਡੇ ਟੂਰਨਾਮੈਂਟਾਂ ਦੀ ਆਉਂਦੀ, ਤਾਂ ਇਹ ਟੀਮ ਅਕਸਰ ਨਿਰਾਸ਼ਾ ਦੀ ਖਾਈ ਵਿੱਚ ਡਿੱਗ ਜਾਂਦੀ। 1998 ਵਿੱਚ ਆਈਸੀਸੀ ਨੌਕਆਊਟ ਟਰਾਫੀ (ਹੁਣ ਚੈਂਪੀਅਨਜ਼ ਟਰਾਫੀ) ਜਿੱਤਣ ਤੋਂ ਬਾਅਦ ਸਾਊਥ ਅਫਰੀਕਾ ਨੂੰ ਕੋਈ ਵੀ ਵੱਡੀ ਆਈਸੀਸੀ ਟਰਾਫੀ ਨਸੀਬ ਨਹੀਂ ਹੋਈ। ਇਸ ਦੌਰਾਨ, ਇਸ ਟੀਮ ਨੇ ਬਹੁਤ ਸਾਰੇ ਮੌਕਿਆਂ 'ਤੇ ਸੈਮੀਫਾਈਨਲ ਅਤੇ ਫਾਈਨਲ ਤੱਕ ਦਾ ਸਫਰ ਤੈਅ ਕੀਤਾ, ਪਰ ਹਰ ਵਾਰ ਕਿਸੇ ਨਾ ਕਿਸੇ ਕਾਰਨ ਜਿੱਤ ਉਸ ਦੇ ਹੱਥੋਂ ਖਿਸਕ ਜਾਂਦੀ।

ਸਾਊਥ ਅਫਰੀਕਾ ਦੀ ÷ਚੋਕਰਸ÷ ਦੀ ਪਛਾਣ ਨੂੰ ਸਮਝਣ ਲਈ ਅਸੀਂ ਆਈਸੀਸੀ ਟੂਰਨਾਮੈਂਟਾਂ ਦੇ ਕੁਝ ਮਹੱਤਵਪੂਰਨ ਮੌਕਿਆਂ 'ਤੇ ਨਜ਼ਰ ਮਾਰ ਸਕਦੇ ਹਾਂ। ਸਾਲ 1999 ਦੇ ਵਨਡੇ ਵਿਸ਼ਵ ਕੱਪ ਦਾ ਸੈਮੀਫਾਈਨਲ ਸ਼ਾਇਦ ਸਭ ਤੋਂ ਦੁਖਦਾਈ ਮੈਚ ਸੀ, ਜਿੱਥੇ ਸਾਊਥ ਅਫਰੀਕਾ ਨੂੰ ਆਸਟਰੇਲੀਆ ਦੇ ਖਿਲਾਫ ਜਿੱਤ ਲਈ ਅੰਤਮ ਓਵਰ ਵਿੱਚ ਸਿਰਫ ਇੱਕ ਰਨ ਦੀ ਲੋੜ ਸੀ। ਪਰ ਲੈਂਸ ਕਲੂਸਨਰ ਅਤੇ ਐਲਨ ਡੋਨਾਲਡ ਦੇ ਵਿਚਕਾਰ ਰਨ-ਆਊਟ ਦੀ ਗਲਤਫਹਿਮੀ ਨੇ ਮੈਚ ਨੂੰ ਟਾਈ ਕਰ ਦਿੱਤਾ ਅਤੇ ਆਸਟਰੇਲੀਆ ਨੇ ਸੁਪਰ ਸਿਕਸ ਪੁਆਇੰਟਸ ਦੇ ਅਧਾਰ 'ਤੇ ਫਾਈਨਲ ਵਿੱਚ ਜਗ?ਹਾ ਬਣਾ ਲਈ। ਇਸ ਮੈਚ ਨੇ ਸਾਊਥ ਅਫਰੀਕਾ ਦੀ ਟੀਮ 'ਤੇ ÷ਚੋਕਰਸ÷ ਦਾ ਟੈਗ ਪੱਕਾ ਕਰ ਦਿੱਤਾ। ਇਸੇ ਤਰ੍ਹਾਂ, 2007 ਦੇ ਵਨਡੇ ਵਿਸ਼ਵ ਕੱਪ ਸੈਮੀਫਾਈਨਲ ਵਿੱਚ ਸਾਊਥ ਅਫਰੀਕਾ ਨੂੰ ਆਸਟਰੇਲੀਆ ਤੋਂ ਮੁੜ ਕਰਾਰੀ ਹਾਰ ਮਿਲੀ। ਸਾਲ 2015 ਦੇ ਵਿਸ਼ਵ ਕੱਪ ਸੈਮੀਫਾਈਨਲ ਵਿੱਚ ਨਿਊਜ਼ੀਲੈਂਡ ਦੇ ਖਿਲਾਫ ਵੀ ਸਾਊਥ ਅਫਰੀਕਾ ਨੇ ਡਕਵਰਥ-ਲੁਈਸ ਨਿਯਮ ਦੇ ਅਧਾਰ 'ਤੇ ਮੈਚ ਗੁਆ ਦਿੱਤਾ। ਸਾਲ 2023 ਦੀਆਂ ਮਹਿਲਾ ਟੀ-20 ਵਿਸ਼ਵ ਕੱਪ ਅਤੇ 2024 ਦੀ ਪੁਰਸ਼ ਟੀ-20 ਵਿਸ਼ਵ ਕੱਪ ਦੇ ਫਾਈਨਲ ਵਿੱਚ ਵੀ ਸਾਊਥ ਅਫਰੀਕਾ ਨੂੰ ਕ੍ਰਮਵਾਰ ਆਸਟਰੇਲੀਆ ਅਤੇ ਭਾਰਤ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ। ਇਹ ਸਾਰੇ ਮੌਕੇ ਸਾਊਥ ਅਫਰੀਕਾ ਦੀ ਉਸ ਪਛਾਣ ਨੂੰ ਮਜ਼ਬੂਤ ਕਰਦੇ ਸਨ, ਜਿਸ ਵਿੱਚ ਉਹ ਦਬਾਅ ਦੇ ਅੱਗੇ ਝੁਕ ਜਾਂਦੇ ਸਨ।

ਪਰ 2025 ਦੀ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਫਾਈਨਲ ਸਾਊਥ ਅਫਰੀਕਾ ਲਈ ਇੱਕ ਨਵੀਂ ਸ਼ੁਰੂਆਤ ਸੀ। 11 ਜੂਨ 2025 ਨੂੰ ਸ਼ੁਰੂ ਹੋਇਆ ਇਹ ਮੈਚ ਲਾਰਡਜ਼ ਦੇ ਪਵਿੱਤਰ ਮੈਦਾਨ 'ਤੇ ਖੇਡਿਆ ਗਿਆ, ਜਿੱਥੇ ਸਾਊਥ ਅਫਰੀਕਾ ਨੇ ਪਹਿਲੀ ਵਾਰ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਕਦਮ ਰੱਖਿਆ। ਮੁਕਾਬਲਾ ਸੀ ਆਸਟਰੇਲੀਆ ਦੇ ਖਿਲਾਫ, ਜੋ ਨਾ ਸਿਰਫ ਮੌਜੂਦਾ ਚੈਂਪੀਅਨ ਸੀ, ਸਗੋਂ ਆਈਸੀਸੀ ਟੂਰਨਾਮੈਂਟਾਂ ਵਿੱਚ ਸਾਊਥ ਅਫਰੀਕਾ ਦਾ ਸਭ ਤੋਂ ਵੱਡਾ ਦੁਸ਼ਮਣ ਵੀ ਸੀ। ਮੈਚ ਦੀ ਸ਼ੁਰੂਆਤ ਸਾਊਥ ਅਫਰੀਕਾ ਲਈ ਆਸਾਨ ਨਹੀਂ ਸੀ। ਪਹਿਲੇ ਦਿਨ ਆਸਟਰੇਲੀਆ ਨੇ 212 ਰਨ ਬਣਾਏ, ਜਿਸ ਦੇ ਜਵਾਬ ਵਿੱਚ ਸਾਊਥ ਅਫਰੀਕਾ ਸਿਰਫ 138 ਰਨ 'ਤੇ ਸਿਮਟ ਗਈ। ਪੈਟ ਕਮਿੰਸ ਦੀ ਅਗਵਾਈ ਵਿੱਚ ਆਸਟਰੇਲੀਆਈ ਗੇਂਦਬਾਜ਼ੀ ਨੇ ਸਾਊਥ ਅਫਰੀਕਾ ਦੀ ਬੱਲੇਬਾਜ਼ੀ ਨੂੰ ਤਬਾਹ ਕਰ ਦਿੱਤਾ। ਪਰ ਕਾਗਿਸੋ ਰਬਾਡਾ ਦੀ ਸ਼ਾਨਦਾਰ ਗੇਂਦਬਾਜ਼ੀ (5-51) ਅਤੇ ਲੁੰਗੀ ਐਨਗੀਡੀ (3-38) ਨੇ ਆਸਟਰੇਲੀਆ ਦੀ ਦੂਜੀ ਪਾਰੀ ਨੂੰ 207 ਰਨ 'ਤੇ ਸਮੇਟ ਦਿੱਤਾ, ਜਿਸ ਨਾਲ ਸਾਊਥ ਅਫਰੀਕਾ ਨੂੰ 282 ਰਨ ਦਾ ਟੀਚਾ ਮਿਲਿਆ।

ਇਸ ਟੀਚੇ ਦਾ ਲਾਰਡਜ਼ ਵਰਗੇ ਮੈਦਾਨ 'ਤੇ ਚੌਥੀ ਪਾਰੀ ਵਿੱਚ ਪਿੱਛਾ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਪਰ ਇੱਥੇ ਸਾਊਥ ਅਫਰੀਕਾ ਦੀ ਟੀਮ ਨੇ ਆਪਣੀ ਮਾਨਸਿਕ ਤਾਕਤ ਅਤੇ ਇਕਜੁਟਤਾ ਦਾ ਸਬੂਤ ਦਿੱਤਾ। ਐਡਨ ਮਾਰਕਰਮ ਨੇ 136 ਰਨ ਦੀ ਸ਼ਾਨਦਾਰ ਪਾਰੀ ਖੇਡੀ, ਜੋ ਸਾਊਥ ਅਫਰੀਕਾ ਦੇ ਟੈਸਟ ਇਤਿਹਾਸ ਦੀ ਸਭ ਤੋਂ ਮਹੱਤਵਪੂਰਨ ਪਾਰੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਉਸ ਦੀ ਇਸ ਪਾਰੀ ਨੇ ਨਾ ਸਿਰਫ ਟੀਮ ਨੂੰ ਜਿੱਤ ਦੇ ਨੇੜੇ ਪਹੁੰਚਾਇਆ, ਸਗੋਂ ਪੁਰਾਣੇ ਜ਼ਖਮਾਂ 'ਤੇ ਮਲ੍ਹਮ ਵੀ ਲਗਾਇਆ। ਟੈਂਬਾ ਬਾਵੁਮਾ, ਜੋ ਹੈਮਸਟ੍ਰਿੰਗ ਦੀ ਸੱਟ ਨਾਲ ਜੂਝ ਰਹੇ ਸਨ, ਨੇ 66 ਰਨ ਦੀ ਜੁਝਾਰੂ ਪਾਰੀ ਖੇਡੀ ਅਤੇ ਮਾਰਕਰਮ ਨਾਲ 147 ਰਨ ਦੀ ਸਾਂਝੇਦਾਰੀ ਕੀਤੀ। ਮੈਚ ਦੇ ਅੰਤਮ ਪਲਾਂ ਵਿੱਚ ਕਾਇਲ ਵੇਰੇਨੇ ਨੇ ਜਿੱਤ ਦੇ ਰਨ ਬਣਾ ਕੇ ਸਾਊਥ ਅਫਰੀਕਾ ਨੂੰ ਇਤਿਹਾਸਕ ਜਿੱਤ ਦਿਵਾਈ। ਦੁਪਹਿਰੇ 12:45 ਵਜੇ, ਜਦੋਂ ਵੇਰੇਨੇ ਨੇ ਕਵਰ ਡ?ਰਾਈਵ ਨਾਲ ਜਿੱਤ ਦਾ ਰਨ ਬਣਾਇਆ, ਤਾਂ ਲਾਰਡਜ਼ ਦਾ ਮੈਦਾਨ ਸਾਊਥ ਅਫਰੀਕੀ ਪ੍ਰਸ਼ੰਸਕਾਂ ਦੀਆਂ ਖੁਸ਼ੀਆਂ ਨਾਲ ਗੂੰਜ ਉੱਠਿਆ।

ਇਸ ਜਿੱਤ ਨੇ ਸਾਊਥ ਅਫਰੀਕਾ ਦੀ ਕ੍ਰਿਕਟ ਟੀਮ ਨੂੰ ਨਵੀਂ ਪਛਾਣ ਦਿੱਤੀ। ਜਿੱਥੇ ਪਹਿਲਾਂ ਉਸ ਨੂੰ ÷ਚੋਕਰਸ÷ ਕਿਹਾ ਜਾਂਦਾ ਸੀ, ਉੱਥੇ ਹੁਣ ਉਹ ÷ਚੈਂਪੀਅਨ÷ ਵਜੋਂ ਜਾਣੀ ਜਾਣ ਲੱਗੀ। ਟੈਂਬਾ ਬਾਵੁਮਾ ਦੀ ਕਪਤਾਨੀ ਵਿੱਚ ਇਸ ਟੀਮ ਨੇ ਨਾ ਸਿਰਫ ਆਸਟਰੇਲੀਆ ਵਰਗੀ ਮਜ਼ਬੂਤ ਟੀਮ ਨੂੰ ਹਰਾਇਆ, ਸਗੋਂ ਆਪਣੀ ਮਾਨਸਿਕ ਤਾਕਤ ਅਤੇ ਇਕਜੁਟਤਾ ਨਾਲ ਸਾਰੀ ਦੁਨੀਆ ਨੂੰ ਦਿਖਾ ਦਿੱਤਾ ਕਿ ਉਹ ਦਬਾਅ ਦੇ ਅੱਗੇ ਝੁਕਣ ਵਾਲੇ ਨਹੀਂ। ਇਸ ਜਿੱਤ ਨੇ ਸਾਊਥ ਅਫਰੀਕਾ ਦੇ ਪੁਰਾਣੇ ਖਿਡਾਰੀਆਂ ਦੀਆਂ ਅਧੂਰੀਆਂ ਖਵਾਹਿਸ਼ਾਂ ਨੂੰ ਵੀ ਪੂਰਾ ਕੀਤਾ। ਕੇਸ਼ਵ ਮਹਾਰਾਜ, ਜੋ ਜਿੱਤ ਤੋਂ ਬਾਅਦ ਆਪਣੇ ਹੰਝੂ ਨਹੀਂ ਰੋਕ ਸਕੇ, ਨੇ ਕਿਹਾ, ÷ਇਹ ਜਿੱਤ ਸਿਰਫ ਸਾਡੀ ਨਹੀਂ, ਸਗੋਂ ਸਾਡੇ ਪੂਰੇ ਦੇਸ਼ ਅਤੇ ਪਿਛਲੇ ਸਮੇਂ ਦੇ ਸਾਰੇ ਖਿਡਾਰੀਆਂ ਦੀ ਹੈ।÷ ਇਹ ਜਿੱਤ ਸਾਊਥ ਅਫਰੀਕਾ ਦੀ ਕ੍ਰਿਕਟ ਲਈ ਇੱਕ ਨਵਾਂ ਅਧਿਆਏ ਸੀ। ਇਸ ਨੇ ਨਾ ਸਿਰਫ ਟੀਮ ਦੇ ਆਤਮਵਿਸ਼ਵਾਸ ਨੂੰ ਵਧਾਇਆ, ਸਗੋਂ ਨੌਜਵਾਨ ਖਿਡਾਰੀਆਂ ਨੂੰ ਵੀ ਪ੍ਰੇਰਿਤ ਕੀਤਾ ਕਿ ਵੱਡੇ ਮੰਚ 'ਤੇ ਜਿੱਤਣ ਲਈ ਸਿਰਫ ਪ੍ਰਤਿਭਾ ਹੀ ਨਹੀਂ, ਸਗੋਂ ਮਾਨਸਿਕ ਮਜ਼ਬੂਤੀ ਅਤੇ ਟੀਮ ਵਰਕ ਵੀ ਜ਼ਰੂਰੀ ਹੈ। ਸਾਊਥ ਅਫਰੀਕਾ ਦੀ ਇਸ ਜਿੱਤ ਨੇ ਦੁਨੀਆ ਨੂੰ ਦਿਖਾ ਦਿੱਤਾ ਕਿ ਕੋਈ ਵੀ ਕਲੰਕ ਸਦਾ ਲਈ ਨਹੀਂ ਰਹਿੰਦਾ ਅਤੇ ਜੇਕਰ ਹੌਸਲਾ ਅਤੇ ਮਿਹਨਤ ਨਾਲ ਸਫਰ ਜਾਰੀ ਰੱਖਿਆ ਜਾਵੇ, ਤਾਂ ਚੋਕਰਸ ਤੋਂ ਚੈਂਪੀਅਨ ਤੱਕ ਦਾ ਸਫਰ ਵੀ ਤੈਅ ਕੀਤਾ ਜਾ ਸਕਦਾ ਹੈ।

**ਸੰਦੀਪ ਕੁਮਾਰ**

# 51ਵਾਂ 7-7 ਸੰਮੇਲਨ 15-17 ਜੂਨ 2025 ਕੈਨੇਡਾ ਵਿੱਚ ਭਾਰਤ ਦੀ ਸ਼ੁਰੂਆਤ

ਭਾਰਤ ਭਵਿੱਖ ਵਿੱਚ 7-7 ਦਾ ਮੈਂਬਰ ਬਣ ਸਕਦਾ ਹੈ, ਕਿਉਂਕਿ ਭਾਰਤ ਦੀ ਆਰਥਿਕ, ਰਾਜਨੀਤਿਕ, ਵਿਸ਼ਵ ਸ਼ਕਤੀ ਤੇਜ਼ੀ ਨਾਲ ਵਧ ਰਹੀ ਹੈ।

ਭਾਰਤ ਦੀ ਵਿਸ਼ਵਵਿਆਪੀ ਭੂਮਿਕਾ - ਚੌਥੀ ਸਭ ਤੋਂ ਵੱਡੀ ਅਰਥਵਿਵਸਥਾ, ਵਿਸ਼ਵਵਿਆਪੀ ਚੁਣੌਤੀਆਂ ਵਿੱਚ ਯੋਗਦਾਨ, ਭੂ-ਰਾਜਨੀਤਿਕ ਮਹੱਤਵ, ਕਈ ਵਿਸ਼ਵਵਿਆਪੀ ਪ੍ਰਾਪਤੀਆਂ ਨੇ ਵੱਕਾਰ ਵਧਾਇਆ ਹੈ - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨੀ ਗੋਂਡੀਆ ਮਹਾਰਾਸ਼ਟਰ

ਗੋਂਡੀਆ - ਭਾਰਤ ਦੀ ਵਧਦੀ ਵਿਸ਼ਵਵਿਆਪੀ ਪ੍ਰਤਿਸ਼ਠਾ ਨੂੰ ਪੂਰੀ ਦੁਨੀਆ ਵਿੱਚ ਸੁਣਿਆ ਜਾ ਰਿਹਾ ਹੈ, ਜਿਸਦੀ ਇੱਕ ਸੰਪੂਰਨ ਉਦਾਹਰਣ ਇਹ ਹੈ ਕਿ 17 ਜੂਨ 2025 ਨੂੰ, ਮਾਣਯੋਗ ਭਾਰਤੀ ਪ੍ਰਧਾਨ ਮੰਤਰੀ ਜੀ-7 ਸੰਮੇਲਨ ਦੇ ਆਖਰੀ ਦਿਨ ਕੈਨੇਡਾ ਪਹੁੰਚੇ ਅਤੇ ਕਾਨਫਰੰਸ ਵਿੱਚ ਸ਼ਾਮਲ ਹੋਏ, ਹਾਲਾਂਕਿ ਭਾਰਤ ਇਸਦਾ ਮੈਂਬਰ ਨਹੀਂ ਹੈ, ਫਿਰ ਵੀ 2019 ਤੋਂ, ਇਸਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਜਾ ਰਿਹਾ ਹੈ, ਕਾਨਫਰੰਸ ਵਿੱਚ ਹਿੱਸਾ ਲੈ ਰਿਹਾ ਹੈ ਅਤੇ ਵਿਸ਼ਵ ਵਿਕਸਤ ਦੇਸ਼ਾਂ ਨਾਲ ਚਰਚਾ ਕਰ ਰਿਹਾ ਹੈ ਅਤੇ ਦੁਨੀਆ ਨਾਲ ਆਪਣਾ ਤਜਰਬਾ ਸਾਂਝਾ ਕਰ ਰਿਹਾ ਹੈ, ਤਾਂ ਜੋ ਪੂਰੀ ਦੁਨੀਆ ਦੀ ਬਿਹਤਰੀ ਲਈ ਬਿਹਤਰ ਯੋਗਦਾਨ ਪਾਇਆ ਜਾ ਸਕੇ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਸਾਡੇ ਪ੍ਰਧਾਨ ਮੰਤਰੀ ਨੂੰ 7-7 ਵਿੱਚ ਸੱਦਾ ਦਿੱਤਾ ਗਿਆ ਸੀ, ਜਿਸ ਤੋਂ ਅਸੀਂ ਸਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਭਾਰਤ ਦਾ ਮਾਣ ਬਹੁਤ ਵਧਿਆ ਹੈ। ਮੈਂ, ਗੋਂਡੀਆ, ਮਹਾਰਾਸ਼ਟਰ ਤੋਂ ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਮਾਣਯੋਗ ਪ੍ਰਧਾਨ ਮੰਤਰੀ ਦੇ ਕੈਨੇਡਾ ਪਹੁੰਚਣ ਤੋਂ ਲੈ ਕੇ ਅੰਤ ਤੱਕ ਦਿਨ ਭਰ ਇਲੈਕਟ?ਾਨਿਕ ਅਤੇ ਸੋਸ਼ਲ ਮੀਡੀਆ 'ਤੇ ਨਜ਼ਰ ਰੱਖਦਾ ਸੀ। ਕਾਨਫਰੰਸ ਦੌਰਾਨ, ਹਰ ਵਿਕਸਤ ਦੇਸ਼ ਮਾਣਯੋਗ ਪ੍ਰਧਾਨ ਮੰਤਰੀ ਨੂੰ ਮਿਲਣਾ ਚਾਹੁੰਦਾ ਸੀ, ਭਾਰਤ ਨਾਲ ਨੇੜਤਾ ਬਣਾਈ ਰੱਖਣ ਦੀਆਂ ਭਾਵਨਾਵਾਂ ਵੱਡੇ ਨੇਤਾਵਾਂ ਵਿੱਚ ਦਿਖਾਈ ਦਿੱਤੀਆਂ, ਜੋ ਕਿ ਉਜਾਗਰ ਕਰਨ ਯੋਗ ਗੱਲ ਹੈ। ਕਿਉਂਕਿ ਭਾਰਤ ਦਾ 51ਵਾਂ 7-7 ਸੰਮੇਲਨ 15-17 ਜੂਨ 2025 ਨੂੰ ਕੈਨੇਡਾ ਵਿੱਚ ਸ਼ੁਰੂ ਹੋਇਆ ਸੀ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਭਾਰਤ ਭਵਿੱਖ ਵਿੱਚ 7-7 ਦਾ ਮੈਂਬਰ ਬਣ ਸਕਦਾ ਹੈ, ਕਿਉਂਕਿ ਭਾਰਤ ਇੱਕ ਆਰਥਿਕ, ਰਾਜਨੀਤਿਕ, ਵਿਸ਼ਵ ਸ਼ਕਤੀ ਵਜੋਂ ਤੇਜ਼ੀ ਨਾਲ ਵਧ ਰਿਹਾ ਹੈ।




ਦੋਸਤੋ, ਜੇਕਰ ਅਸੀਂ 7-7 ਸੰਮੇਲਨ 2025 ਕੈਨੇਡਾ ਦੇ ਮੁੱਖ ਨੁਕਤਿਆਂ ਅਤੇ ਉਦੇਸ਼ਾਂ ਨੂੰ ਸਮਝਣ ਦੀ ਗੱਲ ਕਰੀਏ, ਤਾਂ 7-7 ਦੇਸ਼ ਭਾਰਤ ਨੂੰ ਇੱਕ ਸ਼ਕਤੀਸ਼ਾਲੀ ਭਾਈਵਾਲ ਵਜੋਂ ਦੇਖਦੇ ਹਨ, ਜੋ ਇੰਡੋ-ਪੈਸੀਫਿਕ ਖੇਤਰ ਵਿੱਚ ਚੀਨ ਦੇ ਹਮਲੇ ਦਾ ਜਵਾਬ ਦੇ ਸਕਦਾ ਹੈ। ਭਾਰਤ ਕਵਾਡ ਸਮੂਹ (ਭਾਰਤ, ਅਮਰੀਕਾ, ਜਾਪਾਨ ਅਤੇ ਆਸਟ?ਰੇਲੀਆ) ਦਾ ਹਿੱਸਾ ਹੈ, ਜੋ ਕਿ ਚੀਨ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਵਿੱਚ ਮਹੱਤਵਪੂਰਨ ਹੈ। ਦਰਅਸਲ, 2019 ਤੋਂ, ਭਾਰਤ ਦੇ ਪ੍ਰਧਾਨ ਮੰਤਰੀ ਨੂੰ ਹਰ ਸਾਲ ਦੁਨੀਆ ਦੇ ਅਮੀਰ ਦੇਸ਼ਾਂ ਦੁਆਰਾ ਆਪਣੀ ਮੀਟਿੰਗ ਵਿੱਚ ਸੱਦਾ ਦਿੱਤਾ ਜਾਂਦਾ ਹੈ, ਇਹ ਭਾਰਤ ਦੀ ਵਿਸ਼ਵਵਿਆਪੀ ਸਥਿਤੀ ਅਤੇ ਰਣਨੀਤਕ ਮਹੱਤਤਾ ਨੂੰ ਦਰਸਾਉਂਦਾ ਹੈ। 14 ਮਈ, 2023 ਨੂੰ ਅਮਰੀਕਾ ਦੇ ਹਡਸਨ ਇੰਸਟੀਚਿਊਟ ਦੁਆਰਾ ਪ੍ਰਕਾਸ਼ਿਤ ਇੱਕ ਲੇਖ, ਜਿਸਦਾ ਸਿਰਲੇਖ ਸੀ ਭਾਰਤ ਨੂੰ ਹਮੇਸ਼ਾ 7-7 ਵਿੱਚ ਸੱਦਾ ਦਿੱਤਾ ਜਾਂਦਾ ਹੈ। ਇਹ ਇੰਨਾ ਮਹੱਤਵਪੂਰਨ ਕਿਉਂ ਹੈ? ਨੇ ਦੁਨੀਆ ਵਿੱਚ ਭਾਰਤ ਦੀ ਵਧਦੀ ਸ਼ਕਤੀ ਅਤੇ ਪ੍ਰਸੰਗਿਕਤਾ ਨੂੰ ਵੀ ਮਹਿਸੂਸ ਕੀਤਾ। ਲੇਖ ਵਿੱਚ ਅੰਦਾਜ਼ਾ ਲਗਾਇਆ ਗਿਆ ਸੀ ਕਿ ਭਾਰਤ ਭਵਿੱਖ ਵਿੱਚ 7-7 ਦਾ ਰਸਮੀ ਮੈਂਬਰ ਬਣ ਸਕਦਾ ਹੈ, ਕਿਉਂਕਿ ਇਸਦਾ ਆਰਥਿਕ ਅਤੇ ਰਣਨੀਤਕ ਪ੍ਰਭਾਵ ਵਧ ਰਿਹਾ ਹੈ। ਹਾਲਾਂਕਿ, ਭਾਰਤ ਵੱਲੋਂ ਕੁਝ ਝਿਜਕ ਹੋ ਸਕਦੀ ਹੈ। 7-7 2025 ਏਜੰਡੇ ਦੇ ਮੁੱਖ ਨੁਕਤੇ: (1) ਵਿਸ਼ਵ ਆਰਥਿਕ ਸਥਿਰਤਾ ਅਤੇ ਵਿਕਾਸ ਮਹਿੰਗਾਈ, ਆਰਥਿਕ ਮੰਦੀ ਦਾ ਡਰ, ਵਿਸ਼ਵ ਵਪਾਰ ਵਿੱਚ ਅਸੰਤੁਲਨ, ਸਪਲਾਈ ਚੇਨਾਂ ਦੀ ਸੁਰੱਖਿਆ (2) ਊਰਜਾ ਸੁਰੱਖਿਆ ਅਤੇ ਡਿਜੀਟਲ ਤਬਦੀਲੀ ਨਕਲੀ ਬੁੱਧੀ, ਕੁਆਂਟਮ ਕੰਪਿਊਟਿੰਗ, ਮਹੱਤਵਪੂਰਨ ਖਣਿਜ, ਸ਼ੁੱਧ-ਜ਼ੀਰੋ ਟੀਚਾ ਊਰਜਾ ਸਵੈ-ਨਿਰਭਰਤਾ ਲਈ ਨਵਿਆਉਣਯੋਗ ਸਰੋਤਾਂ ਅਤੇ ਹਰੇ ਹਾਈਡ?ਰੋਜਨ 'ਤੇ ਜ਼ੋਰ (3) ਸ਼ਾਂਤੀ ਅਤੇ ਸੁਰੱਖਿਆ, ਇਜ਼ਰਾਈਲ-ਈਰਾਨ ਟਕਰਾਅ, ਯੂਕਰੇਨ-ਰੂਸ ਯੁੱਧ, ਅੱਤਵਾਦ ਦਾ ਖਾਤਮਾ, ਸਾਈਬਰ ਸੁਰੱਖਿਆ ਅੰਤਰਰਾਸ਼ਟਰੀ ਮਾਨਵਤਾਵਾਦੀ ਸਹਾਇਤਾ ਅਤੇ ਸ਼ਰਨਾਰਥੀਆਂ ਦੀ ਸੁਰੱਖਿਆ 'ਤੇ ਚਰਚਾ, 7-7 ਦੇਸ਼ ਭਾਰਤ ਨੂੰ ਇੱਕ ਸ਼ਕਤੀਸ਼ਾਲੀ ਭਾਈਵਾਲ ਵਜੋਂ ਦੇਖਦੇ ਹਨ ਜੋ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਹਮਲੇ ਦਾ ਜਵਾਬ ਦੇ ਸਕਦਾ ਹੈ। 7-7 ਦੇ ਮੁੱਖ ਉਦੇਸ਼: (1) ਵਿਸ਼ਵ ਆਰਥਿਕ ਸਥਿਰਤਾ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨਾ (2) ਵਿੱਤੀ ਪਾਰਦਰਸ਼ਤਾ ਅਤੇ ਸਹਿਯੋਗ (3) ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਮੁੱਦਿਆਂ 'ਤੇ ਅਗਵਾਈ (5) ਵਿਸ਼ਵ ਸਿਹਤ ਵਿੱਚ ਸਹਿਯੋਗ (ਜਿਵੇਂ ਕਿ ਕੋਵਿਡ-19) ਸੰਕਟ (6) ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਲਈ ਸਮਰਥਨ, 77 ਸਿਖਰ ਸੰਮੇਲਨ ਅੱਜ ਕੈਨੇਡਾ ਦੇ ਅਲਬਰਟਾ ਰਾਜ ਦੇ ਕਨਾਨਾਸਕਿਸ ਵਿੱਚ ਹੋ ਰਿਹਾ ਹੈ। ਇਹ ਆਖਰੀ ਦਿਨ ਹੈ। ਪ੍ਰਧਾਨ ਮੰਤਰੀ ਮੋਦੀ ਹੁਣ ਤੱਕ 6 ਵਿਸ਼ਵ ਨੇਤਾਵਾਂ ਨਾਲ ਮੁਲਾਕਾਤ ਕਰ ਚੁੱਕੇ ਹਨ। ਇਨ੍ਹਾਂ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ, ਜਰਮਨ ਚਾਂਸਲਰ ਫ?ਰੈਡਰਿਕ ਮਰਜ਼, ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਪਾਰਡੋ, ਆਸਟ?ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼, ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ, ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਯੁੰਗ ਸ਼ਾਮਲ ਹਨ।

ਦੋਸਤੋ, ਜੇਕਰ ਅਸੀਂ ਭਾਰਤ ਦੀ ਵਧਦੀ ਭੂਮਿਕਾ ਦੇ ਮਾਣ ਨੂੰ ਸਮਝਣ ਦੀ ਗੱਲ ਕਰੀਏ, ਤਾਂ (1) ਭਾਰਤ ਇਸ ਸਾਲ ਹੀ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਕਈ ਗਲੋਬਲ ਸੰਸਥਾਵਾਂ ਦਾ ਮੰਨਣਾ ਹੈ ਕਿ ਭਾਰਤ ਇੱਕ ਸਾਲ ਦੇ ਅੰਦਰ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਦਾ ਖਿਤਾਬ ਪ੍ਰਾਪਤ ਕਰ ਸਕਦਾ ਹੈ। 77 ਦੇਸ਼, ਜੋ ਕਿ ਦੁਨੀਆ ਦੀਆਂ ਸਭ ਤੋਂ ਉੱਨਤ ਅਰਥਵਿਵਸਥਾਵਾਂ ਦਾ ਸਮੂਹ ਹੈ, ਭਾਰਤ ਨੂੰ ਗਲੋਬਲ ਸਪਲਾਈ ਚੇਨਾਂ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਮੰਨਦੇ ਹਨ। ਕੈਨੇਡੀਅਨ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਸੰਮੇਲਨ ਵਿੱਚ ਸੱਦਾ ਦਿੰਦੇ ਹੋਏ ਕਿਹਾ ਕਿ ਭਾਰਤ ਦੀ ਮੌਜੂਦਗੀ ਆਰਥਿਕ ਅਤੇ ਰਣਨੀਤਕ ਚਰਚਾਵਾਂ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਗਲੋਬਲ ਸਪਲਾਈ ਚੇਨਾਂ ਦੇ ਕੇਂਦਰ ਵਿੱਚ ਹੈ। (2)- ਭੂ- ਰਾਜਨੀਤਿਕ ਮਹੱਤਵ, ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਅਤੇ ਇੱਕ ਉੱਭਰਦੀ ਸ਼ਕਤੀ ਹੈ। 7-7 ਦੇਸ਼ ਭਾਰਤ ਨੂੰ ਇੱਕ ਲੋਕਤੰਤਰੀ ਅਤੇ ਜ਼ਿੰਮੇਵਾਰ ਸ਼ਕਤੀ ਵਜੋਂ ਦੇਖਦੇ ਹਨ, ਜੋ ਚੀਨ ਅਤੇ ਰੂਸ ਵਰਗੇ ਤਾਨਾਸ਼ਾਹੀ ਦੇਸ਼ਾਂ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਇੰਡੋ-ਪੈਸੀਫਿਕ ਖੇਤਰ ਵਿੱਚ ਭਾਰਤ ਦੀ ਰਣਨੀਤਕ ਮਹੱਤਤਾ, ਖਾਸ ਕਰਕੇ ਚੀਨ ਦੇ ਵਧਦੇ ਪ੍ਰਭਾਵ ਦੇ ਸੰਦਰਭ ਵਿੱਚ, 7-7 (3)-ਗਲੋਬਲ ਸਾਊਥ ਦੀ ਪ੍ਰਤੀਨਿਧਤਾ ਲਈ ਮਹੱਤਵਪੂਰਨ ਹੈ- ਭਾਰਤ ਨੂੰ ਗਲੋਬਲ ਸਾਊਥ ਦੀ ਇੱਕ ਮੋਹਰੀ ਆਵਾਜ਼ ਮੰਨਿਆ ਜਾਂਦਾ ਹੈ। 77 ਦੇਸ਼, ਜੋ ਮੁੱਖ ਤੌਰ 'ਤੇ ਵਿਕਸਤ ਦੇਸ਼ ਹਨ, ਭਾਰਤ ਵਰਗੇ ਉੱਭਰ ਰਹੇ ਦੇਸ਼ਾਂ ਨੂੰ ਸ਼ਾਮਲ ਕਰਕੇ ਵਿਸ਼ਵ ਮੁੱਦਿਆਂ 'ਤੇ ਇੱਕ ਵਿਆਪਕ ਸਹਿਮਤੀ ਬਣਾਉਣਾ ਚਾਹੁੰਦੇ ਹਨ। ਭਾਰਤ ਦੀ 7-20 ਪ੍ਰਧਾਨਗੀ (2023) ਨੇ ਇਸ ਨੂੰ ਹੋਰ ਮਜ਼ਬੂਤ ??ਕੀਤਾ, ਜਿਸ ਨਾਲ 77 ਲਈ ਭਾਰਤ ਦੀ ਰਾਏ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੋ ਗਿਆ। ਹਡਸਨ ਇੰਸਟੀਚਿਊਟ ਦੇ ਲੇਖ ਵਿੱਚ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ 2022 ਵਿੱਚ ਦਿੱਤੇ ਬਿਆਨ ਦਾ ਹਵਾਲਾ ਦਿੱਤਾ ਗਿਆ ਸੀ ਕਿ ਯੂਰਪ ਨੂੰ ਇਹ ਮਾਨਸਿਕਤਾ ਛੱਡਣੀ ਚਾਹੀਦੀ ਹੈ ਕਿ ਯੂਰਪ ਦੀਆਂ ਸਮੱਸਿਆਵਾਂ ਵਿਸ਼ਵ ਸਮੱਸਿਆਵਾਂ ਹਨ, ਪਰ ਵਿਸ਼ਵ ਸਮੱਸਿਆਵਾਂ ਯੂਰਪ ਦੀਆਂ ਸਮੱਸਿਆਵਾਂ ਨਹੀਂ ਹਨ।

ਭਾਰਤ ਦੀ 720 ਪ੍ਰਧਾਨਗੀ ਅਤੇ ਵੌਇਸ ਆਫ਼ ਗਲੋਬਲ ਸਾਊਥ ਸੰਮੇਲਨ (2023) ਨੇ ਇਸਨੂੰ 77 ਵਰਗੇ ਫੋਰਮਾਂ ਵਿੱਚ ਗਲੋਬਲ ਸਾਊਥ ਦੇ ਹਿੱਤਾਂ ਨੂੰ ਉਭਾਰਨ ਦੇ ਯੋਗ ਬਣਾਇਆ ਹੈ।(4)- ਗਲੋਬਲ ਚੁਣੌਤੀਆਂ ਵਿੱਚ ਯੋਗਦਾਨ-- 77 ਸੰਮੇਲਨ ਜਲਵਾਯੂ ਪਰਿਵਰਤਨ, ਡਿਜੀਟਲ ਪਰਿਵਰਤਨ, ਊਰਜਾ ਸੁਰੱਖਿਆ ਅਤੇ ਅੰਤਰਰਾਸ਼ਟਰੀ ਸ਼ਾਂਤੀ ਵਰਗੇ ਮੁੱਦਿਆਂ 'ਤੇ ਚਰਚਾ ਕਰਦਾ ਹੈ। ਭਾਰਤ ਆਪਣੀਆਂ ਨੀਤੀਆਂ ਅਤੇ ਤਕਨੀਕੀ ਤਰੱਕੀ (ਜਿਵੇਂ ਕਿ ਨਵਿਆਉਣਯੋਗ ਊਰਜਾ ਅਤੇ ਡਿਜੀਟਲ ਅਰਥਵਿਵਸਥਾ) ਰਾਹੀਂ ਇਨ੍ਹਾਂ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ।

ਨਾਲ ਹੀ, ਭਾਰਤ, ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਕਰਕੇ, 77 ਦੇ ਲੋਕਤੰਤਰੀ ਮੁੱਲਾਂ ਨਾਲ ਮੇਲ ਖਾਂਦਾ ਹੈ। ਇਹ ਇਸਨੂੰ 77 ਲਈ ਰਣਨੀਤਕ ਚੁਣੌਤੀਆਂ ਪੈਦਾ ਕਰਨ ਵਾਲੇ ਦੇਸ਼ਾਂ, ਜਿਵੇਂ ਕਿ ਚੀਨ, ਤੋਂ ਵੱਖਰਾ ਕਰਦਾ ਹੈ।(5)-ਮੋਦੀ ਦਾ ਨਿੱਜੀ ਅਕਸ--ਭਾਰਤ ਨੂੰ 2019 ਤੋਂ ਹਰ 77 ਸੰਮੇਲਨ ਵਿੱਚ ਸੱਦਾ ਦਿੱਤਾ ਗਿਆ ਹੈ (2020 ਨੂੰ ਛੱਡ ਕੇ, ਜਦੋਂ ਕੋਵਿਡ-19 ਕਾਰਨ ਸੰਮੇਲਨ ਰੱਦ ਕਰ ਦਿੱਤਾ ਗਿਆ ਸੀ)। ਇਹ ਭਾਰਤ ਦੇ ਵਧਦੇ ਵਿਸ਼ਵਵਿਆਪੀ ਕੱਦ ਅਤੇ ਮੋਦੀ ਦੀ ਅਗਵਾਈ ਹੇਠ ਭਾਰਤ ਦੀ ਸਰਗਰਮ ਵਿਦੇਸ਼ ਨੀਤੀ ਨੂੰ ਦਰਸਾਉਂਦਾ ਹੈ।ਪ੍ਰਧਾਨ ਮੰਤਰੀ ਮੋਦੀ ਦੀ ਗਲੋਬਲ ਫੋਰਮਾਂ ਵਿੱਚ ਸਰਗਰਮ ਭਾਗੀਦਾਰੀ ਅਤੇ ਉਨ੍ਹਾਂ ਦੀਆਂ ਕੂਟਨੀਤਕ ਪਹਿਲਕਦਮੀਆਂ (ਜਿਵੇਂ ਕਿ 7-20 ਵਿੱਚ ਭਾਰਤ ਦੀ ਭੂਮਿਕਾ) ਨੇ ਉਨ੍ਹਾਂ ਨੂੰ ਇੱਕ ਪ੍ਰਭਾਵਸ਼ਾਲੀ ਨੇਤਾ ਵਜੋਂ ਸਥਾਪਿਤ ਕੀਤਾ ਹੈ। 7-7 ਦੇਸ਼ ਭਾਰਤ ਨਾਲ ਦੁਵੱਲੇ ਸਬੰਧਾਂ ਨੂੰ ਮਜ਼ਬੂਤ ??ਕਰਨ ਲਈ ਮੋਦੀ ਨਾਲ ਸਿੱਧੀ ਗੱਲਬਾਤ ਨੂੰ ਮਹੱਤਵ ਦਿੰਦੇ ਹਨ। (6)--ਚੀਨ ਦੇ ਮੁਕਾਬਲੇ ਭਾਰਤ ਦੀ ਰਣਨੀਤਕ ਭੂਮਿਕਾ--ਅੱਜ, ਚੀਨ ਅਮਰੀਕਾ ਸਮੇਤ ਪੂਰੇ ਪੱਛਮ ਦੀ ਸਭ ਤੋਂ ਵੱਡੀ ਚਿੰਤਾ ਹੈ। ਇਸਦਾ ਕਾਰਨ ਨਾ ਸਿਰਫ਼ ਚੀਨ ਦੀਆਂ ਨੀਤੀਆਂ ਅਪਮਾਨਜਨਕ ਹਨ, ਸਗੋਂ ਚੀਨ ਵਿੱਚ ਲੋਕਤੰਤਰ ਦੀ ਘਾਟ ਵੀ ਇੱਕ ਵੱਡਾ ਕਾਰਨ ਹੈ। ਹਡਸਨ ਇੰਸਟੀਚਿਊਟ ਲੇਖ ਦਲੀਲ ਦਿੰਦਾ ਹੈ ਕਿ ਭਾਰਤ ਇੱਕ ਜ਼ਿੰਮੇਵਾਰ ਅਤੇ ਲੋਕਤੰਤਰੀ ਸ਼ਕਤੀ ਵਜੋਂ ਉੱਭਰ ਰਿਹਾ ਹੈ ਜੋ ਚੀਨ ਵਰਗੇ ਤਾਨਾਸ਼ਾਹੀ ਦੇਸ਼ਾਂ ਦੇ ਪ੍ਰਭਾਵ ਨੂੰ ਸੰਤੁਲਿਤ ਕਰ ਸਕਦਾ ਹੈ। ਉਦਾਹਰਣ ਵਜੋਂ, ਦੱਖਣੀ ਚੀਨ ਸਾਗਰ ਵਿੱਚ ਚੀਨ ਦੇ ਖੇਤਰੀ ਦਾਅਵਿਆਂ ਨੂੰ 2016 ਵਿੱਚ ਅੰਤਰਰਾਸ਼ਟਰੀ ਅਦਾਲਤ ਦੁਆਰਾ ਰੱਦ ਕਰ ਦਿੱਤਾ ਗਿਆ ਸੀ, ਪਰ ਚੀਨ ਨੇ ਇਸਨੂੰ ਅਣਡਿੱਠਾ ਕਰ ਦਿੱਤਾ।

ਇਸਦੇ ਉਲਟ, ਭਾਰਤ ਨੇ ਇੱਕ ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ ਦਾ ਸਮਰਥਨ ਕੀਤਾ ਹੈ। 7-7 ਦੇਸ਼ ਭਾਰਤ ਨੂੰ ਇੱਕ ਸ਼ਕਤੀਸ਼ਾਲੀ ਭਾਈਵਾਲ ਵਜੋਂ ਦੇਖਦੇ ਹਨ ਜੋ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਹਮਲੇ ਦਾ ਜਵਾਬ ਦੇ ਸਕਦਾ ਹੈ। (7) - ਸਿਰਫ਼ ਭਾਰਤ ਵਰਗੇ ਦੇਸ਼ ਹੀ 7-7 ਦੀ ਸਾਰਥਕਤਾ ਨੂੰ ਬਚਾ ਸਕਦੇ ਹਨ। ਹਡਸਨ ਇੰਸਟੀਚਿਊਟ ਦੇ ਲੇਖ ਦੇ ਅਨੁਸਾਰ, 7-7 ਦਾ ਪ੍ਰਭਾਵ ਘਟ ਰਿਹਾ ਹੈ, ਅਤੇ ਭਾਰਤ ਵਰਗੇ ਦੇਸ਼ਾਂ ਨੂੰ ਸ਼ਾਮਲ ਕਰਨਾ ਇਸਨੂੰ ਦੁਬਾਰਾ ਸਾਰਥਕ ਬਣਾਉਣ ਦਾ ਇੱਕ ਤਰੀਕਾ ਹੋ ਸਕਦਾ ਹੈ। 7-7 ਦੇਸ਼ ਭਾਰਤ ਨੂੰ ਇੱਕ ਲੋਕਤੰਤਰੀ ਅਤੇ ਜ਼ਿੰਮੇਵਾਰ ਸ਼ਕਤੀ ਵਜੋਂ ਦੇਖਦੇ ਹਨ, ਜੋ ਕਿ ਰੂਸ ਅਤੇ ਚੀਨ ਵਰਗੇ ਦੇਸ਼ਾਂ ਦੇ ਉਲਟ ਹੈ। ਲੇਖ ਵਿੱਚ ਭਾਰਤ ਦੀ ਝਿਜਕ ਨੂੰ ਵੀ ਉਜਾਗਰ ਕੀਤਾ ਗਿਆ ਸੀ। ਭਾਰਤ ਇੱਕ ਨਿਰਪੱਖ ਅਤੇ ਸੁਤੰਤਰ ਵਿਦੇਸ਼ ਨੀਤੀ ਦੀ ਪਾਲਣਾ ਕਰਦਾ ਹੈ, ਅਤੇ 7-7 ਵਰਗੇ ਪੱਛਮੀ-ਕੇਂਦ੍ਰਿਤ ਸਮੂਹ ਵਿੱਚ ਸ਼ਾਮਲ ਹੋਣਾ ਗੈਰ-ਗਠਜੋੜ ਅੰਦੋਲਨ ਦੀ ਨੀਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸ ਤੋਂ ਇਲਾਵਾ, ਚੀਨ ਨਾਲ ਤਣਾਅ ਵਧਣ ਦਾ ਖ਼ਤਰਾ ਵੀ ਹੈ। ਇਸ ਲਈ ਜੇਕਰ ਅਸੀਂ ਪੂਰੇ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ 51ਵਾਂ 7-7 ਸੰਮੇਲਨ 15-17 ਜੂਨ 2025 ਨੂੰ ਕੈਨੇਡਾ ਵਿੱਚ ਭਾਰਤ ਦੀ ਸ਼ੁਰੂਆਤ ਭਾਰਤ ਭਵਿੱਖ ਵਿੱਚ 7-7 ਦਾ ਮੈਂਬਰ ਬਣ ਸਕਦਾ ਹੈ, ਕਿਉਂਕਿ ਭਾਰਤ ਦੀ ਆਰਥਿਕ, ਰਾਜਨੀਤਿਕ, ਵਿਸ਼ਵ ਸ਼ਕਤੀ ਤੇਜ਼ੀ ਨਾਲ ਵਧ ਰਹੀ ਹੈ। ਭਾਰਤ ਦੀ ਵਿਸ਼ਵ ਭੂਮਿਕਾ - ਚੌਥੀ ਸਭ ਤੋਂ ਵੱਡੀ ਅਰਥਵਿਵਸਥਾ, ਵਿਸ਼ਵ ਚੁਣੌਤੀਆਂ ਵਿੱਚ ਯੋਗਦਾਨ, ਭੂ-ਰਾਜਨੀਤਿਕ ਮਹੱਤਵ, ਕਈ ਵਿਸ਼ਵ ਪ੍ਰਾਪਤੀਆਂ ਕਾਰਨ ਪ੍ਰਤਿਸ਼ਠਾ ਵਧੀ ਹੈ।



# ਡਿਸਲੈਕਸੀਆ ਨੂੰ ਸਮਝਣਾ: ਕਾਰਨ, ਲੱਛਣ, ਉਪਚਾਰ ਅਤੇ ਮਨੋਵਿਗਿਆਨਿਕ ਸਹਾਇਤਾ

ਡਿਸਲੈਕਸੀਆ ਇੱਕ ਵਿਸ਼ੇਸ਼ ਬਿਮਾਰੀ ਹੈ ਅਤੇ ਇਹ ਸਿੱਖਣ ਦੀ ਰੁਕਾਵਟ ਨਾਲ ਸੰਬੰਧਿਤ ਹੈ । ਡਿਸਲੈਕਸੀਆ ਬੱਚਿਆਂ ਦੀ ਪੜ੍ਹਨ, ਲਿਖਣ ਅਤੇ ਸਪੈਲਿੰਗ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਹੀ ਅਤੇ/ਜਾਂ ਦ੍ਰਿੜ੍ਹ ਸ਼ਬਦ ਪਛਾਣ ਵਿੱਚ ਮੁਸ਼ਕਿਲਾਂ ਪੈਦਾ ਕਰਦੀ ਹੈ ਅਤੇ ਖਰਾਬ ਸਪੈਲਿੰਗ ਅਤੇ ਡਿਕੋਡਿੰਗ ਸਮਰੱਥਾਵਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਹੈ। ਇਸ ਲੇਖ ਵਿੱਚ, ਅਸੀਂ ਡਿਸਲੈਕਸੀਆ ਦੇ ਕਾਰਨਾਂ, ਲੱਛਣਾਂ, ਉਪਚਾਰ ਦੇ ਵਿਕਲਪਾਂ ਅਤੇ ਵਿਅਕਤੀਆਂ ਦਾ ਸਮਰਥਨ ਕਰਨ ਲਈ ਮਨੋਵਿਗਿਆਨਕ ਰਣਨੀਤੀਆਂ ਦੀ ਪੜਚੋਲ ਕਰਾਂਗੇ।

ਡਿਸਲੈਕਸੀਆ ਦੇ ਕਾਰਨ

ਡਿਸਲੈਕਸੀਆ ਦਾ ਸਟੀਕ ਕਾਰਨ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਪਰ ਇਸ ਨੂੰ ਅਨੁਵਾਂਸ਼ਿਕੀ ਅਤੇ ਨਿਊਰੋਬਾਇਓਲੌਜੀਕਲ ਕਾਰਕਾਂ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ।

ਮੁੱਖ ਬਿੰਦੂ ਸ਼ਾਮਲ ਹਨ:

1. ਅਨੁਵੰਸ਼ਿਕਤਾ: ਡਿਸਲੈਕਸੀਆ ਅਕਸਰ ਪਰਿਵਾਰਾਂ ਵਿੱਚ ਮਿਲਦੀ ਹੈ ਜੋ ਇੱਕ ਵੰਸ਼ਾਨੁਗਤ ਘਟਕ ਦਾ ਸੁਝਾਅ ਦਿੰਦੀ ਹੈ। ਅਨੁਸੰਧਾਨ ਨੇ ਕਈ ਜੀਨ ਪਛਾਣੇ ਹਨ ਜੋ ਪੜ੍ਹਨ ਵਿੱਚ ਮੁਸ਼ਕਿਲਾਂ ਪੈਦਾ ਕਰਨ ਵਿੱਚ ਯੋਗਦਾਨ ਕਰ ਸਕਦੇ ਹਨ।

2. ਦਿਮਾਗ ਦੀ ਬਣਤਰ ਅਤੇ ਕਾਰਜਪ੍ਰਣਾਲੀ: ਨਿਊਰੋਇਮੇਜਿੰਗ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਡਿਸਲੈਕਸੀਆ ਵਾਲੇ ਵਿਅਕਤੀਆਂ ਵਿੱਚ ਦਿਮਾਗ ਦੀ ਬਣਤਰ ਅਤੇ ਕਾਰਜਪ੍ਰਣਾਲੀ ਵੱਖਰੇ ਤਰੀਕੇ ਨਾਲ ਕਾਰਜ ਕਰ ਸਕਦੀ ਹੈ।

3. ਪਰਿਵਾਰਿਕ ਕਾਰਕ: ਜਦੋਂ ਕਿ ਅਨੁਵੰਸ਼ਿਕਤਾ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਪਰਿਵਾਰਿਕ ਕਾਰਕ ਜਿਵੇਂ ਕਿ ਪ੍ਰਾਰੰਭਿਕ ਬਚਪਨ ਦੌਰਾਨ ਭਾਸ਼ਾ-ਅਮੀਰ ਵਾਤਾਵਰਣ ਦਾ ਸੰਪਰਕ ਪੜ੍ਹਾਈ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਡਿਸਲੈਕਸੀਆ ਦੇ ਲੱਛਣ

ਡਿਸਲੈਕਸੀਆ ਦੇ ਲੱਛਣ ਵਿਅਕਤੀਆਂ ਵਿੱਚ ਵਿਆਪਕ ਤੌਰ 'ਤੇ ਵੱਖਰੇ ਹੋ ਸਕਦੇ ਹਨ ਪਰ ਆਮ ਤੌਰ 'ਤੇ ਇਨ੍ਹਾਂ ਵਿੱਚ ਸ਼ਾਮਲ ਹਨ:

1. ਪੜ੍ਹਨ ਵਿੱਚ ਮੁਸ਼ਕਿਲਾਂ: ਦ੍ਰਿੜ੍ਹ ਪੜ੍ਹਨ ਵਿੱਚ ਸੰਘਰਸ਼ ਕਰਨਾ, ਅਕਸਰ ਕਈ ਗਲਤੀਆਂ ਕਰਨਾ ਜਾਂ ਸ਼ਬਦ ਛੱਡਣਾ।

2. ਸਪੈਲਿੰਗ ਦੀ ਚੁਣੌਤੀਆਂ: ਸ਼ਬਦਾਂ ਨੂੰ ਸਹੀ ਤਰੀਕੇ ਨਾਲ ਸਪੈਲ ਕਰਨ ਵਿੱਚ ਮੁਸ਼ਕਿਲ, ਅਕਸਰ ਅਸੰਗਤ ਸਪੈਲਿੰਗ ਪੈਟਰਨ ਦਿਖਾਉਣਾ।

3. ਲਿਖਾਈ ਸੰਬੰਧੀ ਸਮੱਸਿਆਵਾਂ: ਕਾਗਜ਼ 'ਤੇ ਵਿਚਾਰਾਂ ਨੂੰ ਵਿਵਸਥਿਤ ਕਰਨ ਵਿੱਚ ਸਮੱਸਿਆਵਾਂ ਜਿਸ ਨਾਲ ਅਸਪਸ਼ਟ ਜਾਂ ਖਰਾਬ ਢੰਗ ਨਾਲ ਲਿਖਾਈ ਹੁੰਦੀ ਹੈ।

4. ਧੁਨੀ ਸੂਝ-ਬੂਝ: ਸ਼ਬਦਾਂ ਵਿੱਚ ਧੁਨੀਆਂ ਨੂੰ ਪਛਾਣਨ ਅਤੇ ਉਹਨਾਂ 'ਤੇ ਕੰਮ ਕਰਨ ਵਿੱਚ ਮੁਸ਼ਕਿਲ ਜੋ ਡਿਕੋਡਿੰਗ ਸਮਰੱਥਾ ਨੂੰ ਰੁਕਾਵਟ ਪਾ ਸਕਦੀ ਹੈ।

5. ਯਾਦ ਰੱਖਣ ਦੀਆਂ ਸਮੱਸਿਆਵਾਂ: ਕ੍ਰਮਾਂ ਨੂੰ ਯਾਦ ਰੱਖਣ ਵਿੱਚ ਚੁਣੌਤੀਆਂ ਜਿਵੇਂ ਕਿ ਸ਼ਬਦਾਂ ਵਿੱਚ ਅੱਖਰਾਂ ਦਾ ਕ੍ਰਮ ਜਾਂ ਕਿਸੇ ਪ੍ਰਕਿਰਿਆ ਦੇ ਚਰਨ।

6. ਘੱਟ ਆਤਮ-ਵਿਸ਼ਵਾਸ: ਡਿਸਲੇਕਸੀਆ

**ਭਾਗ ਪਹਿਲਾ**

ਵਾਲੇ ਵਿਅਕਤੀਆਂ ਨੂੰ ਅਕਾਦਮਿਕ ਸੈਟਿੰਗਜ਼ ਵਿੱਚ ਆਪਣੀਆਂ ਚੁਣੌਤੀਆਂ ਦੇ ਕਾਰਨ ਨਿਰਾਸ਼ਾ ਅਤੇ ਘੱਟ ਆਤਮ-ਵਿਸ਼ਵਾਸ ਦਾ ਅਨੁਭਵ ਹੋ ਸਕਦਾ ਹੈ।

ਡਿਸਲੈਕਸੀਆ ਦੇ ਇਲਾਜ ਦੇ ਵਿਕਲਪ

ਡਿਸਲੈਕਸੀਆ ਦਾ ਇਲਾਜ ਆਮ ਤੌਰ 'ਤੇ ਵਿਅਕਤੀਗਤ ਜਰੂਰਤਾਂ ਦੇ ਅਨੁਸਾਰ ਅਨੁਕੂਲਿਤ ਸਿੱਖਿਆ ਵਿੱਚ ਸ਼ਾਮਲ ਹੁੰਦਾ ਹੈ। ਪ੍ਰਭਾਵਸ਼ਾਲੀ ਰਣਨੀਤੀਆਂ ਹੇਠਾਂ ਦਿੱਤੀਆਂ ਹਨ:

1. ਸੰਰਚਿਤ ਸਾਖਰਤਾ ਪ੍ਰੋਗਰਾਮ: ਇਹ ਪ੍ਰੋਗਰਾਮ ਪ੍ਰਣਾਲੀਬੱਧ ਧੁਨੀ ਸਿੱਖਿਆ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ ਵਿਦਿਆਰਥੀਆਂ ਨੂੰ ਅੱਖਰਾਂ ਅਤੇ ਧੁਨੀਆਂ ਦੇ ਵਿਚਕਾਰ ਸੰਬੰਧ ਸਿਖਾਉਂਦੇ ਹਨ। ਉਦਾਹਰਨਾਂ ਵਿੱਚ ਔਰਟਨ-ਗਿਲਿੰਗਹਮ, ਵਿਲਸਨ ਰੀਡਿੰਗ ਸਿਸਟਮ, ਅਤੇ ਬਾਰਟਨ ਰੀਡਿੰਗ ਸਪੈਲਿੰਗ ਸਿਸਟਮ ਸ਼ਾਮਲ ਹਨ।

2. ਬਹੁ-ਸੰਵੇਦਨਸ਼ੀਲ ਸਿੱਖਿਆ: ਕਈ ਸੰਵੇਦਨਾਵਾਂ (ਦ੍ਰਿਸ਼, ਸੁਨਣ, ਕਾਈਨੇਸਟੇਟਿਕ) ਨੂੰ ਸ਼ਾਮਿਲ ਕਰਨਾ ਸਿੱਖਣ ਵਿੱਚ ਸੁਧਾਰ ਕਰ ਸਕਦਾ ਹੈ। ਤਕਨੀਕਾਂ ਵਿੱਚ ਅੱਖਰ ਟਾਈਲਾਂ ਜਾਂ ਸੈਂਡਪੇਪਰ ਅੱਖਰਾਂ ਦੀ ਵਰਤੋਂ ਕਰਕੇ ਸਪੈਲਿੰਗ ਅਤੇ ਧੁਨੀਵਾਦ ਸਿਖਾਉਣਾ ਸ਼ਾਮਲ ਹੋ ਸਕਦਾ ਹੈ।

3. ਸਹਾਇਕ ਪ੍ਰੌਦਯੋਗਿਕੀ: ਟੈਕਸਟ-ਟੂ-ਸਪੀਚ ਸਾਫਟਵੇਅਰ, ਆਡੀਓਬੁੱਕ ਅਤੇ ਸਪੀਚ ਰਿਕਗਨੀਸ਼ਨ ਪ੍ਰੋਗਰਾਮ ਵਰਗੇ ਉਪਕਰਨ ਡਿਸਲੈਕਸੀਆ ਵਾਲੇ ਵਿਅਕਤੀਆਂ ਨੂੰ ਲਿਖਤੀ ਸਮੱਗਰੀ ਤੱਕ ਜ਼ਿਆਦਾ ਆਸਾਨੀ ਨਾਲ ਪਹੁੰਚਣ ਵਿੱਚ ਮਦਦ ਕਰ ਸਕਦੇ ਹਨ।

4. ਵਿਅਕਤੀਗਤ ਸਿੱਖਿਆ ਯੋਜਨਾਵਾਂ (IEPs): ਸਕੂਲ ਵਿੱਚ ਵਿਦਿਆਰਥੀਆਂ ਲਈ, IEP ਵਿਕਸਤ ਕਰਨਾ ਇਹ ਯਕੀਨੀ ਬਣਾ ਸਕਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਸਿੱਖਣ ਦੀਆਂ ਜ਼ਰੂਰਤਾਂ ਦੇ ਅਨੁਸਾਰ ਯੋਗਤਾਪੂਰਕ ਸਮਾਯੋਜਨ ਅਤੇ ਸਮਰਥਨ ਮਿਲੇ।

ਡਿਸਲੈਕਸੀਆ ਲਈ ਮਨੋਵਿਗਿਆਨਿਕ ਸਮਰਥਨ

ਡਿਸਲੈਕਸੀਆ ਵਾਲੇ ਵਿਅਕਤੀਆਂ ਲਈ ਮਨੋਵਿਗਿਆਨਿਕ ਸਮਰਥਨ ਮਹੱਤਵਪੂਰਨ ਹੈ। ਰਣਨੀਤੀਆਂ ਵਿੱਚ ਸ਼ਾਮਲ ਹਨ:

1. ਮਨੋਵਿਗਿਆਨਕ ਇਲਾਜ: ਮਨੋਵਿਗਿਆਨੀਆਂ ਨਾਲ ਕੰਮ ਕਰਨਾ ਵਿਅਕਤੀਆਂ ਨੂੰ ਡਿਸਲੈਕਸੀਆ ਨਾਲ ਸੰਬੰਧਿਤ ਨਿਰਾਸ਼ਾ, ਚਿੰਤਾ ਜਾਂ ਘੱਟ ਆਤਮ-ਮਾਣ ਦੀਆਂ ਭਾਵਨਾਂਵਾਂ ਵਿੱਚੋਂ ਉਭਰਨ ਵਿੱਚ ਮਦਦ ਕਰ ਸਕਦਾ ਹੈ।

2. ਆਤਮ-ਮਾਣ ਵਧਾਉਣਾ: ਅਕਾਦਮਿਕ ਤੋਂ ਬਾਹਰ ਦੀਆਂ ਸ਼ਕਤੀਆਂ ਨੂੰ ਪ੍ਰੋਤਸਾਹਿਤ ਕਰਨਾ ਆਤਮ-ਵਿਚਾਰਾਂ ਨੂੰ ਸੁਧਾਰਣ ਵਿੱਚ ਮਦਦ ਕਰ ਸਕਦਾ ਹੈ। ਐਸੇ ਸ਼ੌਕ ਅਤੇ ਰੁਚੀਆਂ 'ਤੇ ਧਿਆਨ ਕੇਂਦ੍ਰਿਤ ਕਰਨਾ ਜਿੱਥੇ ਵਿਅਕਤੀ ਉੱਤਮਤਾ ਪ੍ਰਾਪਤ ਕਰਦਾ ਹੈ, ਸਕਾਰਾਤਮਕ ਆਤਮ ਵਿਸ਼ਵਾਸ਼ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ।


3. ਮਾਈਂਡਫੁਲਨੈੱਸ ਅਤੇ ਤਣਾਅ ਪ੍ਰਬੰਧਨ: ਮਾਈਂਡਫੁਲਨੈੱਸ ਮੈਡੀਟੇਸ਼ਨ ਵਰਗੀਆਂ ਤਕਨੀਕਾਂ ਚਿੰਤਾ ਨੂੰ ਘਟਾਉਣ ਅਤੇ ਧਿਆਨ ਅਤੇ ਕੇਂਦ੍ਰਿਤਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

4. ਮਾਤਾ-ਪਿਤਾ ਦਾ ਸਮਰਥਨ: ਮਾਤਾ-ਪਿਤਾਵਾਂ ਨੂੰ ਡਿਸਲੈਕਸੀਆ ਬਾਰੇ ਸਿੱਖਣਾ ਅਤੇ ਉਨ੍ਹਾਂ ਨੂੰ ਆਪਣੇ ਬੱਚੇ ਦਾ ਘਰ 'ਤੇ ਸਮਰਥਨ ਕਰਨ ਲਈ ਰਣਨੀਤੀਆਂ ਪ੍ਰਦਾਨ ਕਰਨਾ ਇੱਕ ਐਸਾ ਪੋਸ਼ਣ ਵਾਲਾ ਵਾਤਾਵਰਨ ਬਣਾ ਸਕਦਾ ਹੈ ਜੋ ਸਿੱਖਣ ਦੇ ਲਚੀਲੇਪਣ ਨੂੰ ਵਧਾਉਂਦਾ ਹੈ।

5. ਸਾਥੀ ਸਮਰੱਥਨ ਸਮੂਹ: ਹੋਰ ਲੋਕਾਂ ਨਾਲ ਜੁੜਨਾ ਜਿਨ੍ਹਾਂ ਕੋਲ ਸਮਾਨ ਅਨੁਭਵ ਹਨ, ਭਾਵਨਾਤਮਕ ਸਮਰਥਨ ਅਤੇ ਡਿਸਲੈਕਸੀਆ ਨਾਲ ਨਿਬਟਣ ਲਈ ਵਿਉਹਾਰਿਕ ਸਲਾਹ ਪ੍ਰਦਾਨ ਕਰ ਸਕਦਾ ਹੈ।

ਡਿਸਲੈਕਸੀਆ ਇੱਕ ਜਟਿਲ ਸਿੱਖਣ ਦੀ ਅਯੋਗਤਾ ਹੈ ਜੋ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਇੱਕ ਬਹੁ-ਪੱਖੀ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੁੰਦੀ ਹੈ। ਇਸਦੇ ਕਾਰਨਾਂ ਅਤੇ ਲੱਛਣਾਂ ਨੂੰ ਸਮਝ ਕੇ ਹਰ ਸੰਭਵ ਯਤਨ ਲਾਗੂ ਕਰਕੇ ਅਤੇ ਮਨੋਵਿਗਿਆਨਿਕ ਸਮਰਥਨ ਪ੍ਰਦਾਨ ਕਰਕੇ, ਡਿਸਲੈਕਸੀਆ ਵਾਲੇ ਵਿਅਕਤੀ ਅਕਾਦਮਿਕ ਅਤੇ ਨਿੱਜੀ ਤੌਰ 'ਤੇ ਸਫਲ ਹੋ ਸਕਦੇ ਹਨ। ਜਲਦੀ ਪਛਾਣ ਅਤੇ ਹਸਤਖੇਪ ਉਹਨਾਂ ਪ੍ਰਭਾਵਿਤ ਵਿਅਕਤੀਆਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਕੁੰਜੀ ਹਨ।

**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ਼ਰੀ ਅਮ੍ਰਿਤਸਰ ਸਾਹਿਬ।**



# ਜੂਨ 1984 ’ਚ ਦਰਬਾਰ ਸਾਹਿਬ ’ਤੇ ਹਮਲੇ ਨਾਲ ਖ਼ਾਲਿਸਤਾਨ ਦੀ ਨੀਂਹ ਰੱਖੀ ਗਈ, ਸਿੱਖ ਕੌਮ ਜਲਦੀ ਆਜ਼ਾਦ ਹੋਏਗੀ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ** - ਜੂਨ 1984 ਘੱਲੂਘਾਰੇ ਦੇ ਆਖ਼ਰੀ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੀ ਯਾਦ ’ਚ ਮਹਾਨ ਸ਼ਹੀਦੀ ਸਮਾਗਮ ਉਹਨਾਂ ਦੇ ਪਿੰਡ ਨਾਗੋਕੇ, ਨੇੜੇ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਕੀਰਤਨ ਹੋਇਆ, ਉਪਰੰਤ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਸਿੰਘ ਸਾਹਿਬ ਸੰਤ ਗਿਆਨੀ ਰਾਮ ਸਿੰਘ ਖ਼ਾਲਸਾ ਦਮਦਮੀ ਟਕਸਾਲ ਸੰਗਰਾਵਾਂ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਭਾਈ ਹਰਪਾਲ ਸਿੰਘ ਬਲੇਰ ਅਤੇ ਭਾਈ ਰਜਿੰਦਰ ਸਿੰਘ ਮੁਗਲਵਾਲਾ ਆਦਿ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਪੰਥਕ ਆਗੂਆਂ ਵੱਲੋਂ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਭਾਈ ਕੁਲਦੀਪ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਅਤੇ



ਹੋਰ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੇ ਅਬਦਾਲੀ ਅਤੇ ਇੰਦਰਾ ਗਾਂਧੀ ਸਿੱਖਾਂ ਲਈ ਦੁਸ਼ਟ ਪਾਪੀ ਅਤੇ ਖਲਨਾਇਕ ਹਨ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਮੇਜਰ ਸਿੰਘ ਨਾਗੋਕੇ ਸਾਡੇ ਨਾਇਕ, ਯੋਧੇ ਤੇ ਮਹਾਨ ਸ਼ਹੀਦ ਹਨ। ਸੰਤ ਰਾਮ ਸਿੰਘ ਜੀ ਸੰਗਰਾਵਾਂ ਨੇ ਕਿਹਾ ਕਿ ਜੂਨ 1984 ਦੇ ਹਮਲੇ ਨਾਲ ਖ਼ਾਲਿਸਤਾਨ ਦੀ ਨੀਂਹ ਰੱਖੀ ਗਈ ਸੀ ਤੇ ਹੁਣ ਸਾਡਾ ਮੁਲਕ ਵੀ ਬਣੇਗਾ, ਇਹ ਸ਼ਹਾਦਤਾਂ ਅਜਾਈਂ ਨਹੀਂ ਜਾਣਗੀਆਂ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ’ਚ ਲੜਨ ਵਾਲੇ ਯੋਧੇ ਮਹਾਨ ਰੂਹਾਂ ਸਨ, ਉਹਨਾਂ ਤੋਂ ਪ੍ਰੇਰਨਾ ਲੈ ਕੇ ਸਿੱਖ ਕੌਮ ਆਪਣਾ ਭਵਿੱਖ ਰੋਸ਼ਨ ਕਰਦੀ ਰਹੇਗੀ, ਸਾਡੇ ਸ਼ਹੀਦਾਂ ਦੇ ਖ਼ਾਲਿਸਤਾਨ ਦੇ ਸੁਪਨੇ ਨੂੰ ਅਸੀਂ ਹਕੀਕਤ ਵਿੱਚ ਬਦਲਾਂਗੇ। ਹਰ ਸਿੱਖ ਨੂੰ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਅਰਦਾਸ ਅਤੇ ਸੰਘਰਸ਼ ਕਰਨਾ ਚਾਹੀਦਾ ਹੈ। ਭਾਈ ਸਰਬਜੀਤ ਸਿੰਘ ਘੁਮਾਣ ਨੇ ਕਿਹਾ ਕਿ ਖ਼ਾਲਿਸਤਾਨ ਸਿੱਖ ਕੌਮ ਦੀ ਰਗ-ਰਗ ਵਿੱਚ ਵਸ ਚੁੱਕਾ ਹੈ, ਇਹਨਾਂ ਸ਼ਹੀਦਾਂ ਦਾ ਸੁਪਨਾ ਖ਼ਾਲਿਸਤਾਨ ਹੀ ਹੈ। ਭਾਈ ਹਰਪਾਲ ਸਿੰਘ ਬਲੇਰ ਨੇ ਕਿਹਾ ਕਿ ਸਾਡੀ ਪਾਰਟੀ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਖ਼ਾਲਿਸਤਾਨ ਲਈ ਤਤਪਰ ਹੈ। ਭਾਈ ਰਜਿੰਦਰ ਸਿੰਘ ਮੁਗਲਵਾਲਾ ਨੇ ਕਿਹਾ ਕਿ ਹਰ ਸ਼ਹੀਦੀ ਸਮਾਗਮ ਵਿੱਚ ਖ਼ਾਲਿਸਤਾਨ ਬਾਰੇ ਵਿਚਾਰਾਂ ਹੋਣੀਆਂ ਚਾਹੀਦੀਆਂ ਹਨ। ਇਸ ਮੌਕੇ ਬੀਬੀ ਕੁਲਵਿੰਦਰ ਕੌਰ ਤੁਗਲਵਾਲਾ, ਭਾਈ ਗੁਰਦੀਪ ਸਿੰਘ ਲੋਹਾਰਾ, ਭਾਈ ਰਾਜਨਦੀਪ ਸਿੰਘ ਸੰਗਰਾਵਾਂ, ਭਾਈ ਹਰਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

## ਪਿੰਡ ਪੰਡੋਰੀ ਰਣਸਿੰਘ ਵਿਖੇ ਬੈਂਕ ਮੈਨੇਜਰ ਜਗੀਰ ਸਿੰਘ ਦੀ ਬੇਵਖਤੀ ਮੌਤ ਤੇ ਸਾਬਕਾ ਮੰਤਰੀ ਗੁਲਜਾਰ ਸਿੰਘ ਰਣੀਕੇ ਵੱਲੋ ਦੁੱਖ ਦਾ ਪ੍ਰਗਟਾਵਾ

**ਝਬਾਲ,ਦਲਜੀਤ ਸਿੰਘ ਚੱਡਾ**

ਪਿੰਡ ਪੰਡੋਰੀ ਰਣ ਸਿੰਘ ਤੋਂ ਕੋਆਪ੍ਰੇਟਿਵ ਬੈਂਕ ਦੇ ਮੈਨੇਜਰ ਜਗੀਰ ਸਿੰਘ ਦੀ ਹੋਈ ਬੇਵਕਤੀ ਮੌਤ ਤੇ ਡੂਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਾਬਕਾਂ ਮੰਤਰੀ ਪੰਜਾਬ ਜਥੇਦਾਰ ਗੁਲਜਾਰ ਸਿੰਘ ਰਣੀਕੇ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਪਰਿਵਾਰ ਤੇ ਉਹਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੇਟੇ ਗੁਰਵਿੰਦਰ ਸਿੰਘ ਨਾਲ ਦੁੱਖ ਸਾਝਾਂ ਤੇ ਨਾਂ ਪੂਰਾ



ਹੋਣ ਵਾਲਾ ਘਾਟਾ ਦੱਸਿਆ।ਮੈਨੇਜਰ ਜਗੀਰ ਸਿੰਘ ਬਹੁਤ ਹੀ ਮਿਲਾਪੜੇ ਸੁਭਾ ਦੇ ਮਾਲਕ ਸਨ।ਹਰ ਵਿਅਕਤੀ ਦੇ ਨਾਲ ਗੱਲ ਰੱਖਣ ਵਾਲੇ ਸਨ। ਤੇ ਨਾ ਹੀ ਅੱਜ ਤੱਕ ਕਿਸੇ ਦਾ ਦਿਲ ਦੁਖਾਇਆ।ਨਗਰ ਦੇ ਲੋਕ ਬਹੁਤ ਸੋਭਾ ਕਰ ਰਹੇ ਹਨ। ਅੱਜ ਚਾਣਚੱਕ ਉਹਨਾਂ ਦੀ ਬੇਵਖਤੀ ਮੌਤ ਹੋ ਗਈ ਤੇ ਉਹਨਾ ਦੇ ਜੱਦੀ ਪਿੰਡ ਪੰਡੋਰੀ ਰਣ ਸਿੰਘ ਸਮਸਾਨ ਘਾਟ ਵਿਖੇ ਸਸਕਾਰ ਕਰ ਦਿੱਤਾ ਗਿਆ।ਇਸ ਮੌਕੇ ਜੱਥੇਦਾਰ ਗੁਲਜ਼ਾਰ ਸਿੰਘ ਰਣੀਕੇ ਤੋ ਇਲਾਵਾਂ ਪ?ਗਟ ਸਿੰਘ ਬੰਨਵਾਲੀਪੁਰ ਪ੍ਰਧਾਨ ਮਾਝਾ ਜੋਨ,ਸੁਖਦੇਵ ਸਿੰਘ ਸਰਾਏ ਦੀਵਾਨਾਂ ਪ੍ਰੈਸ ਸਕੱਤਰ, ਮਲਕੀਤ ਸਿੰਘ ਜੋਧਪੁਰ ਤੇ ਹੋਰ ਵੀ ਬਹੁਤ ਸਾਰੇ ਰਿਸਤੇਦਾਰ ਹਾਜਰ ਸਨ।

# ਜੈਜੋਂ ਹਾਦਸੇ ਨੂੰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਨਹੀਂ ਬਣਿਆ ਪੁਲ: ਨਿਮਿਸ਼ਾ ਮਹਿਤਾ

## ਹੜ੍ਹਾਂ ਕਾਰਨ ਵਾਪਰੇ ਹਾਦਸਿਆਂ ’ਚ 11 ਲੋਕਾਂ ਦੀ ਹੋਈ ਸੀ ਮੌਤ

**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਭਾਜਪਾ ਦੀ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਇਲਾਕਾ ਵਾਸੀਆਂ ਨੂੰ ਪਿਛਲੇ ਸਾਲ 11 ਅਗਸਤ ਨੂੰ ਹੋਏ ਜੈਜੋਂ ਚੋਅ ਹਾਦਸੇ ਦੀ ਯਾਦ ਕਰਵਾਉਂਦੇ ਕਿਹਾ ਕਿ ਇਸ ਭਿਆਨਕ ਹਾਦਸੇ ਨੂੰ ਕਰੀਬ ਇਕ ਸਾਲ ਪੂਰੇ ਹੋਣ ਲੱਗੇ ਹਨ। ਪਰ ਪੰਜਾਬ ਸਰਕਾਰ ਵੱਲੋਂ ਚੋਅ ਦੇ ਮਾਰੂ ਪਾਣੀ ਤੋਂ ਬਚਾਉਣ ਲਈ ਅਜੇ ਤੱਕ ਉਥੇ ਨਾ ਕੋਈ ਪੁਲ ਬਣਾਇਆ ਗਿਆ ਹੈ ਅਤੇ ਨਾ ਹੀ ਚੋਅ ਦੇ ਦੁਆਲੇ ਵਾਹਨਾਂ ਦੀ ਸੁਰੱਖਿਆ ਲਈ ਕੋਈ ਪਿੱਲਰ ਲਗਾਏ ਗਏ ਹਨ। ਤਾਂਕਿ ਵਾਹਨਾਂ ਨੂੰ ਚੋਅ ਦੇ ਪਾਣੀ ਵਿਚ ਹੜ੍ਹਨ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਪਿਛਲੇ ਸਾਲ 11 ਅਗਸਤ ਨੂੰ ਹਿਮਾਚਲ ਪ੍ਰਦੇਸ਼ ਤੋਂ ਪੰਜਾਬ 11 ਮੈਂਬਰਾਂ ਨੂੰ ਲੱਦ ਕੇ ਲਿਆਂਉਂਦੀ ਇਨੋਵਾ ਗੱਡੀ ਦੇ ਜੈਜੋਂ ਚੋਅ ਵਿਚ ਹੜ੍ਹ ਜਾਣ ਕਾਰਨ 11 ਦਰਦਨਾਕ ਮੌਤਾਂ ਹੋ



ਗਈਆਂ ਸਨ ਅਤੇ ਇਲਾਕਾ ਵਾਸੀਆਂ ਲਈ ਇਹ ਦਿਲ ਦਹਿਲਾਉਣ ਵਾਲੀ ਘਟਨਾ ਸੀ। ਉਨ੍ਹਾਂ ਕਿਹਾ ਕਿ ਜਦੋਂ ਇਹ ਦਰਦਨਾਕ ਹਾਦਸਾ ਹੋਇਆ ਸੀ ਤਾਂ ਸਰਕਾਰ ਵੱਲੋਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਜਲਦੀ ਹੀ ਇਥੇ ਪੁਲ ਦੀ ਉਸਾਰੀ ਕਰਵਾਉਣ ਦੀ ਗੱਲ ਖ਼ਬਰਾਂ ਰਾਹੀਂ ਜਨਤਕ ਕੀਤੀ ਗਈ ਸੀ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਚੋਅ ਵਿਚ ਗੱਡੀ ਹੜ੍ਹ ਜਾਣ ਦੇ ਇਸ ਦਰਦਨਾਕ ਹਾਦਸੇ ਦੀਆਂ ਖ਼ਬਰਾਂ ਸੂਬਾ ਅਤੇ ਕੌਮਾਂਤਰੀ ਪੱਧਰ ’ਤੇ ਅਖ਼ਬਾਰਾਂ ਅਤੇ ਟੀਵੀ ਚੈਨਲਾਂ ’ਤੇ ਲੱਗੀਆਂ ਸਨ ਅਤੇ ਸਰਕਾਰ ਨੇ ਇਸ ਚੋਅ ਦੇ ਮਸਲੇ ਨੂੰ ਹੱਲ ਕਰਨ ਦੇ ਵੱਡੇ ਦਾਅਵੇ ਪੇਸ਼ ਕੀਤੇ ਸਨ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਬੇਸ਼ਕ ਸਰਕਾਰ ਦੇ ਨੁਮਾਇੰਦਿਆਂ ਅਤੇ ਅਫ਼ਸਰਾਂ ਵੱਲੋਂ 11 ਮੌਤਾਂ ਵਾਲੀ ਇਹ ਖ਼ਤਰਨਾਕ ਦੁਰਘਟਨਾ ਹੋਣ ’ਤੇ ਵਾਰ-ਵਾਰ ਚੋਅ ਦੇ ਸੁਰੱਖਿਆ ਇੰਤਜ਼ਾਮਾਂ ਵਿਚ ਵਿਸ਼ੇਸ਼ ਤੌਰ ’ਤੇ ਵਾਹਨਾਂ ਦੀ ਆਵਾਜਾਈ ਲਈ ਪੁਲ ਬਣਾਉਣ ਦੇ ਅਤੇ ਆਲੇ-ਦੁਆਲੇ ਪਿੱਲਰ ਲਗਾਉਣ ਦੇ ਬਿਆਨ ਦਿੱਤੇ ਗਏ ਸਨ ਪਰ ਸ਼ਾਇਦ ਇਹ ਬਿਆਨਬਾਜ਼ੀ ਸਿਰਫ਼ ਲੋਕਾਂ ਦਾ ਗੁੱਸਾ ਸ਼ਾਂਤ ਕਰਨ ਲਈ ਹੀ ਕੀਤੀ ਗਈ ਸੀ ਕਿਉਂਕਿ ਜੇਕਰ ਸਰਕਾਰ ਸਚਮੁੱਚ ਇਥੇ ਹੋਣ ਵਾਲੇ ਹਾਦਸਿਆਂ ਨੂੰ ਲੈ ਕੇ ਗੰਭੀਰ ਹੁੰਦੀ ਤਾਂ ਹੁਣ ਤੱਕ ਇਥੇ ਪੁਲ ਬਣ ਚੁੱਕਾ ਹੁੰਦਾ।

# ਮੁਗਲ ਹਕੂਮਤ ਵਾਂਗ ਹਿੰਦ ਹਕੂਮਤ ਨੇ ਵੀ ਦਰਬਾਰ ਸਾਹਿਬ ’ਤੇ ਹਮਲਾ ਕਰਕੇ ਪਾਪ ਕਮਾਇਆ, ਸਿੱਖ ਭੁੱਲਣਗੇ ਨਹੀਂ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

## ਸ਼ਹੀਦ ਭਾਈ ਕੁਲਵੰਤ ਸਿੰਘ ਮਾਹਣੇਕੇ ਦੀ ਯਾਦ ’ਚ ਕਰਵਾਇਆ ਸਮਾਗਮ

**ਅੰਮ੍ਰਿਤਸਰ** - ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ?ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ’ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦਿਆਂ ਸ਼ਹਾਦਤ ਦਾ ਜਾਮ ਪੀਣ ਵਾਲੇ ਅਮਰ ਸ਼ਹੀਦ ਭਾਈ ਕੁਲਵੰਤ ਸਿੰਘ ਮਾਹਣੇਕੇ ਦੀ ਯਾਦ ’ਚ ਮਹਾਨ ਸ਼ਹੀਦੀ ਸਮਾਗਮ ਉਹਨਾਂ ਦੇ ਪਿੰਡ ਮਾਹਣੇਕੇ, ਨੇੜੇ ਵਲਟੋਹਾ, ਜ਼ਿਲ੍ਹਾ ਤਰਨ ਤਾਰਨ ਵਿਖੇ ਖ਼ਾਲਸਾਈ ਜਾਹੋ ਜਲਾਲ ਨਾਲ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਅਤੇ ਕਥਾ-ਵਿਚਾਰਾਂ ਹੋਈਆਂ। ਫਿਰ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੱਚਖੰਡਵਾਸੀ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਜੀ ਖ਼ਾਲਸਾ ਦੇ ਭਰਾਤਾ ਭਾਈ ਮਨਜੀਤ ਸਿੰਘ ਭੂਰਾ ਕੋਹਨਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।



ਇਸ ਮੌਕੇ ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਬਦਾਲੀ, ਮੱਸਾ ਰੰਘੜ ਜਾਂ ਇੰਦਰਾ ਗਾਂਧੀ ਹੋਵੇ, ਸਾਡੀ ਕੌਮ ਦੇ ਸੂਰਮਿਆਂ ਨੇ ਇਹਨਾਂ ਵਿਰੁੱਧ ਡਟ ਕੇ ਮੁਕਾਬਲਾ ਕੀਤਾ। ਦਰਬਾਰ ਸਾਹਿਬ ’ਤੇ ਹਮਲਾ ਕਰਕੇ ਹਿੰਦ ਹਕੂਮਤ ਨੇ ਦੱਸ ਦਿੱਤਾ ਕਿ ਉਹ ਮੁਗਲ ਹਕੂਮਤ ਨਾਲੋਂ ਘੱਟ ਨਹੀਂ ਹੈ ਤੇ ਹਿੰਦ ਸਰਕਾਰ ਦੇ ਜ਼ੁਲਮਾਂ ਨੇ ਤਾਂ ਮੁਗਲਾਂ ਅਤੇ ਅੰਗਰੇਜ਼ਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ। ਹਿੰਦੂਤਵੀ ਅਕਿਰਤਘਣ ਨਿਕਲੇ ਤੇ ਦਰਬਾਰ ਸਾਹਿਬ ’ਤੇ ਫੌਜਾਂ ਚਾੜ੍ਹ ਕੇ ਪਾਪ ਕਮਾ ਬੈਠੇ ਜੋ ਸਿੱਖ ਕਦੇ ਵੀ ਨਹੀਂ ਭੁੱਲਣਗੇ। ਸਿੱਖਾਂ ਨੇ ਜਿਸ ਭਾਰਤ ਨੂੰ ਆਜ਼ਾਦ ਕਰਾਇਆ, ਉਸੇ ਨੇ ਹੀ ਸਿੱਖਾਂ ਨੂੰ ਗ਼ੁਲਾਮ ਬਣਾ ਲਿਆ ਤੇ ਹੁਣ ਸਿੱਖ ਖ਼ਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ਸ਼ੀਲ ਹਨ। ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਭਾਈ ਕੁਲਵੰਤ ਸਿੰਘ ਮਾਹਣੇਕੇ ਬਹੁਤ ਦਲੇਰ ਯੋਧਾ ਸੀ ਤੇ ਉਹ ਰਾਮਗੜ੍ਹੀਆ ਬੁੰਗੇ ਵਿੱਚ ਭਾਈ ਮੇਜਰ ਸਿੰਘ ਨਾਗੋਕੇ ਦੇ ਨਾਲ ਰਲ ਕੇ 9 ਜੂਨ ਤੱਕ ਭਾਰਤੀ ਫੌਜਾਂ ਵਿਰੁੱਧ ਜੂਝਦਾ ਰਿਹਾ। ਭਾਈ ਕੁਲਵੰਤ ਸਿੰਘ ਮਾਹਣੇਕੇ ਜੋ ਸੰਤ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਕਥਾ ਸੁਣ ਕੇ ਦਮਦਮੀ ਟਕਸਾਲ ਨਾਲ ਜੁੜ ਗਿਆ ਸੀ ਤੇ ਉਸਨੇ ਸੰਤ ਜਰਨੈਲ ਸਿੰਘ ਦੀ ਅਗਵਾਈ ’ਚ ਆਪਣੇ ਧਰਮ ਦੀ ਰਾਖੀ ਕਰਦਿਆਂ ਸ਼ਾਨਦਾਰ ਲੜਾਈ ਲੜੀ। ਭਾਈ ਮਨਜੀਤ ਸਿੰਘ ਭੂਰਾ ਕੋਹਨਾ ਨੇ ਕਿਹਾ ਕਿ ਮੇਰੇ ਪਿਤਾ ਸੰਤ ਕਰਤਾਰ ਸਿੰਘ ਵੱਲੋਂ ਪੈਦਾ ਕੀਤੇ ਯੋਧੇ ਜੋ ਸੰਤ ਜਰਨੈਲ ਸਿੰਘ ਦੇ ਸਮੇਂ ਪੰਥ ਤੇ ਪੰਜਾਬ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਗਏ। ਸੰਤ ਕਰਤਾਰ ਸਿੰਘ ਨੇ ਨਾਹਰਾ ਦਿੱਤਾ ਸੀ ਕਿ ’ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ।’ ਫਿਰ ਸੰਤ ਜਰਨੈਲ ਸਿੰਘ ਨੇ ਨਾਹਰਾ ਦਿੱਤਾ ਕਿ ’ਸਿਰ ਦਿੱਤਿਆਂ ਬਾਝ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ।’ ਇਸ ਮੌਕੇ ਦਮਦਮੀ ਟਕਸਾਲ, ਸ਼੍ਰੋਮਣੀ ਕਮੇਟੀ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸ਼ਹੀਦ ਭਾਈ ਕੁਲਵੰਤ ਸਿੰਘ ਮਾਹਣੇਕੇ ਦੇ ਭਰਾ ਅਤੇ ਭਤੀਜਿਆਂ ਭਾਈ ਹਰਪਾਲ ਸਿੰਘ ਅਤੇ ਭਾਈ ਦਿਲਬਾਗ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤੇ।

# ਭਾਜਪਾ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂਆਂ ਨਾਲ ਵਿਸ਼ਾਲ ਮੀਟਿੰਗ ਆਯੋਜਿਤ

**ਖਡੂਰ ਸਾਹਿਬ/ਤਰਨਤਾਰਨ/ਰਾਕੇਸ਼ ਨਈਅਰ ਚੋਹਲਾ**

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਚੱਜੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਦੇਸ਼ ਨੂੰ ਸੇਵਾ ਸੁਸਾਸ਼ਨ ਅਤੇ ਗਰੀਬ ਕਲਿਆਨ ਲਈ ਲਗਾਤਾਰ ਪਿਛਲੇ 11 ਸਾਲ ਤੋਂ ਕੀਤੇ ਬੇਮਿਸਾਲ ਕੰਮਾਂ ਤੋਂ ਦੇਸ਼ ਵਾਸੀਆਂ ਨੂੰ ਜਾਣੂ ਕਰਵਾਉਣ ਲਈ ਭਾਜਪਾ ਵੱਲੋਂ ਪੂਰੇ ਦੇਸ਼ ਅੰਦਰ ਜਨਤਕ ਪ੍ਰੋਗਰਾਮ ਕਰਕੇ ਜਾਗਰੂਕਤ ਕੀਤਾ ਜਾ ਰਿਹਾ ਹੈ। ਇਸੇ ਤਹਿਤ ਜ਼ਿਲ੍ਹਾ ਤਰਨਤਾਰਨ ਦੇ ਇਤਿਹਾਸਕ ਕਸਬਾ ਖਡੂਰ ਸਾਹਿਬ ਵਿਖੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਸਰਕਲ ਖਡੂਰ ਸਾਹਿਬ ਦੇ ਕਿਸਾਨ ਮੋਰਚਾ ਪ੍ਰਧਾਨ ਲਖਵਿੰਦਰ ਸਿੰਘ ਦੇ ਗ੍ਰਹਿ ਵਿਖੇ ਕਿਸਾਨ ਮੋਰਚਾ ਦੇ ਜਿਲਾ ਪ੍ਰਧਾਨ ਡਾ.ਅਵਤਾਰ ਸਿੰਘ ਵੇਂਈਪੂਈ ਦੀ ਪ੍ਰੇਰਨਾ ਸਦਕਾ ਸਰਕਲ ਖਡੂਰ ਸਾਹਿਬ ਦੇ ਕਿਸਾਨ ਮੋਰਚੇ ਦੇ ਸੈਂਕੜੇ ਆਗੂਆਂ ਦੀ ਵਿਸ਼ਾਲ ਮੀਟਿੰਗ ਆਯੋਜਿਤ ਕੀਤੀ ਗਈ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਅਤੇ ਉਨਾਂ ਦੀ ਸਮੁੱਚੀ ਟੀਮ ਨੇ ਕਿਸਾਨ ਆਗੂਆਂ ਨਾਲ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਕਿਸਾਨੀ ਪ੍ਰਧਾਨ ਸੂਬਾ ਹੈ,ਇਥੋਂ ਦੇ ਲੋਕਾਂ ਦਾ ਰੁਜਗਾਰ,ਆਮਦਨ ਅਤੇ ਜਨ ਜੀਵਨ ਬਹੁਤਾਂਤ ਵਿੱਚ ਖੇਤੀ ’ਤੇ ਹੀ ਨਿਰਭਰ ਹੈ, ਪ੍ਰੰਤੂ ਇੱਥੇ ਪਿਛਲੇ ਲੰਬੇ ਸਮੇਂ ਤੋਂ ਖੇਤਰੀ ਪਾਰਟੀਆਂ ਨੇ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਉਲਟਾ ਆਪਣੀ ਰਾਜਨੀਤੀ ਚਮਕਾਉਣ ਲਈ ਕੇਂਦਰ ’ਤੇ ਝੂਠੇ ਇਲਜਾਮ ਲਗਾਏ ਜਾਂਦੇ ਰਹੇ। ਪ੍ਰੰਤੂ ਹੁਣ ਪੰਜਾਬ ਦਾ ਕਿਸਾਨ ਅਤੇ ਮਜਦੂਰ ਵਰਗ



ਜਾਗਰੂਕ ਹੋ ਚੁੱਕਾ ਹੈ ਕਿ ਦੇਸ਼ ਅੰਦਰ ਬਾਕੀ ਸੂਬਿਆਂ ਅੰਦਰ ਜਿੱਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਉਥੋਂ ਦਾ ਹਰ ਵਰਗ ਚਾਹੇ ਕਿਸਾਨ,ਮਜਦੂਰ,

ਵਪਾਰੀ,ਮੁਲਾਜਮ ਆਦਿ ਸਾਰੇ ਹੀ ਸੁੱਖ ਸ਼ਾਂਤੀ ਦੀ ਜਿੰਦਗੀ ਬਤੀਤ ਕਰ ਰਹੇ ਹਨ ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਬਿਨਾਂ ਭੇਦਭਾਵ ਦੇ ਲੋਕਾਂ ਨੂੰ ਸਹੂਲਤਾਂ ਦੇਣ ਦਾ ਯਕੀਨ ਬਣਾ ਚੁੱਕੀ ਹੈ।ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਆਪਾਂ ਵੀ ਪੰਜਾਬ ਨਿਵਾਸੀ ਪੰਜਾਬ ਦੀ ਵਾਗਡੋਰ ਭਾਰਤੀ ਜਨਤਾ ਪਾਰਟੀ ਨੂੰ ਦੇਈਏ ਤਾਂ ਜੋ ਕਰਜੇ ਦੇ ਬੋਝ ਹੇਠ ਦੱਬਿਆ ਪੰਜਾਬ ਨਿਕਲ ਸਕੇ ਅਤੇ ਇੱਥੋਂ ਦਾ ਕਿਸਾਨ ਮਜਦੂਰ ਵਰਗ ਬਿਨਾਂ ਕਿਸੇ ਬੋਝ ਦੇ ਆਪਣੀ ਖੇਤੀ ਅਤੇ ਕਾਰੋਬਾਰ ਕਰ ਸਕੇ।ਇਸ ਮੌਕੇ ’ਤੇ ਇਕੱਤਰ ਸਾਰੇ ਹੀ ਕਿਸਾਨ ਮਜਦੂਰ ਵਰਗ ਦੇ ਸੈਂਕੜੇ ਪਾਰਟੀ ਵਰਕਰਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਅਤੇ ਖੁਸ਼ ਹੋ ਕੇ ਭਾਜਪਾ ਲਈ ਹੋਰ ਮਜਬੂਤੀ ਨਾਲ ਕੰਮ ਕਰਨ,ਲੋਕ ਸੇਵਾ ਵਿੱਚ ਹਾਜਰ ਰਹਿਣ ਅਤੇ ਹਰ ਵਰਗ ਦੇ ਲੋਕਾਂ ਨੂੰ ਭਾਜਪਾ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਲਈ ਜਾਗਰੂਕ ਕਰਨ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਖਡੂਰ ਸਾਹਿਬ ਹਲਕੇ ਅੰਦਰ ਕਿਸੇ ਵਰਗ ਨੂੰ ਵੀ ਗੁੰਮਰਾਹ ਨਹੀਂ ਹੋਣ ਦਿੱਤਾ ਜਾਵੇਗਾ ਸਾਰੇ ਲੋਕਾਂ ਨੂੰ ਸੱਚੀ ਅਤੇ ਸੁੱਚੇ ਤਰੀਕੇ ਨਾਲ ਕੰਮ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨਾਲ ਜੋੜ ਕੇ ਵੱਡਾ ਬਹੁਮਤ ਦੇ ਕੇ ਖਡੂਰ ਸਾਹਿਬ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਨੂੰ ਵਿਧਾਨ ਸਭਾ ਭੇਜਿਆ ਜਾਵੇਗਾ ਤਾਂ ਜੋ ਕੇਂਦਰ ਤੋਂ ਆਉਂਦੀ ਇੱਕ-ਇੱਕ ਸਹੂਲਤ ਲੋਕਾਂ ਨੂੰ ਮਿਲਣ ਵਿੱਚ ਕੋਈ ਦਿੱਕਤ ਨਾ ਆਵੇ।ਇਸ ਮੌਕੇ ’ਤੇ ਕਿਸਾਨ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਡਾ.ਅਵਤਾਰ ਸਿੰਘ ਵੇਈਂਪੂਈ ਨੇ ਸਰਕਲ ਖਡੂਰ ਸਾਹਿਬ ਤੋਂ ਆਏ ਕਿਸਾਨ ਮੋਰਚੇ ਦੇ ਸਾਰੇ ਹੀ ਕਿਸਾਨ ਮਜਦੂਰ ਪਾਰਟੀ ਵਰਕਰਾਂ ਨੂੰ ਜੀ ਆਇਆ ਆਖਿਆ ਅਤੇ ਕਿਹਾ ਕਿ ਇੱਕੋ ਇੱਕ ਪਾਰਟੀ ਹੈ ਭਾਰਤੀ ਜਨਤਾ ਪਾਰਟੀ ਜਿਹੜੀ ਆਪਣੇ ਹਰ ਇੱਕ ਵਰਕਰ ਦਾ ਮਾਨ ਸਨਮਾਨ ਬਹਾਲ ਰੱਖਦੀ ਹੈ,ਇਸ ਲਈ ਭਾਜਪਾ ਦੇ ਪਰਿਵਾਰ ਵਿੱਚ ਆਉਣ ’ਤੇ ਕਿਸੇ ਵੀ ਕਿਸਾਨ ਮਜਦੂਰ ਸਾਥੀ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਕਿਉਂਕਿ ਸਮੁੱਚੀ ਜ਼ਿਲ੍ਹਾ ਟੀਮ ਆਪਣੇ ਪਾਰਟੀ ਵਰਕਰ ਨਾਲ ਡਟ ਕੇ ਖੜੀ ਹੈ।ਇਸ ਮੌਕੇ ’ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ,ਮਹਿਲਾ ਮੋਰਚਾ ਪ੍ਰਧਾਨ ਚਰਨਜੀਤ ਕੌਰ ਮੁੰਡਾਪਿੰਡ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ,ਸਰਕਲ ਪ੍ਰਧਾਨ ਮੇਹਰ ਸਿੰਘ ਬਾਣੀਆ, ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਜੀਓਬਾਲਾ, ਸਰਕਲ ਪ੍ਰਧਾਨ ਖੁਸ਼ਪਿੰਦਰ ਸਿੰਘ ਬ੍ਰਹਮਪੁਰਾ, ਸਰਕਲ ਪ੍ਰਧਾਨ ਕੁਲਦੀਪ ਸਿੰਘ, ਸਰਕਲ ਪ੍ਰਧਾਨ ਨਰਿੰਦਰ ਸਿੰਘ, ਜ਼ਿਲ੍ਹਾ ਸਕੱਤਰ ਹਰਮਨਜੀਤ ਸਿੰਘ ਕੱਲਾ, ਸੀਨੀਅਰ ਆਗੂ ਪਵਨ ਦੇਵਗਨ, ਨੌਜਵਾਨ ਆਗੂ ਪਰਮਜੀਤ ਸਿੰਘ ਮਾਨ, ਮਹਿੰਦਰ ਸਿੰਘ ਫੌਜੀ,ਰਣਜੀਤ ਸਿੰਘ ਚੋਹਲਾ ਸਾਹਿਬ ਖੁਰਦ,ਸੀਨੀਅਰ ਆਗੂ ਸੁਭਾਸ਼ ਬਾਠ, ਰਣਜੀਤ ਸਿੰਘ ਗਿੱਲ ਵੜੈਚ, ਬਚਿੱਤਰ ਸਿੰਘ ਅਲਾਵਲਪੁਰ,ਅੰਸ਼ਦੀਪ ਸਿੰਘ ਨੌਰੰਗਾਬਾਦ, ਪ੍ਰਗਟ ਸਿੰਘ ਬਾਠ, ਕਰਤਾਰ ਸਿੰਘ,ਬਾਬਾ ਮੱਖਣ ਸਿੰਘ ਖਡੂਰ ਸਾਹਿਬ,ਕੰਵਲਜੀਤ ਸਿੰਘ ਛਾਪੜੀ ਸਾਹਿਬ,ਨਿਰਮਲ ਸਿੰਘ ਛਾਪੜੀ ਸਾਹਿਬ, ਦਿਆਲ ਸਿੰਘ, ਗੁਰਦੀਪ ਸਿੰਘ,ਨਿਸ਼ਾਨ ਸਿੰਘ ਬ੍ਰਹਮਪੁਰਾ, ਇਕਬਾਲ ਸਿੰਘ ਰਾਹਲ ਚਾਹਲ, ਸਵਰਨ ਸਿੰਘ ਚੋਹਲਾ ਖੁਰਦ, ਸੁਰਜੀਤ ਸਿੰਘ ਮੁੰਡਾਪਿੰਡ, ਭੁਪਿੰਦਰ ਸਿੰਘ ਮੁੰਡਾਪਿੰਡ, ਵਰਜਿੰਦਰ ਕੌਰ ਚੋਹਲਾ ਸਾਹਿਬ, ਪ੍ਰਿਤਪਾਲ ਕੌਰ ਧੂੰਦਾ, ਬਿਮਲਾ ਮਹੱਲਾ ਚੰਡੀਗੜ, ਦਿਲਪ੍ਰੀਤ ਕੌਰ ਚੱਕ ਮਾਹਿਰ, ਮਨਜੀਤ ਕੌਰ ਛਾਪੜੀ ਸਾਹਿਬ, ਅਮਰਜੀਤ ਕੌਰ ਜਾਮਾਰਾਏ, ਸੁਖਵਿੰਦਰ ਕੌਰ ਬ੍ਰਹਮਪੁਰ,ਤਲਬੀਰ ਕੌਰ ਰਾਣੀਵਲਾਹ, ਕੁਲਵਿੰਦਰ ਕੌਰ ਚੰਬਾ ਕਲਾਂ ਤੋਂ ਇਲਾਵਾ ਸੈਂਕੜੇ ਕਿਸਾਨ ਮੋਰਚੇ ਦੇ ਪਾਰਟੀ ਆਗੂ ਸਾਹਿਬਾਨ ਮੌਜੂਦ ਸਨ।

# ਪੈਨਸ਼ਨਰ ਐਸੋਸੀਏਸ਼ਨ ਅਤੇ ਬੈਂਕ ਅਧਿਕਾਰੀਆ ਨਾਲ ਪੈਨਸ਼ਨਰਾ ਦੇ ਲਾਭ ਸਮੇਂ ਸਿਰ ਦੇਣ ਸੰਬੰਧੀ ਹੋਈ ਮੀਟਿੰਗ

**ਸ੍ਰੀ ਅੰਮ੍ਰਿਤਸਰ ਸਾਹਿਬ**

ਜ਼ਿਲ੍ਹਾ ਖ਼ਜ਼ਾਨਾ ਦਫ਼ਤਰ, ਅੰਮ੍ਰਿਤਸਰ ਵਿਖੇ ਅਡੀਸ਼ਨਲ ਡਾਇਰੈਕਟਰ ਵਿੱਤ ਸ੍ਰੀ ਮਤੀ ਸਿਮਰਨਜੀਤ ਕੌਰ ਦੇ ਹੁਕਮਾਂ ਅਨੁਸਾਰ ਵੱਖ ਵੱਖ ਬੈਂਕ ਅਧਿਕਾਰੀਆਂ ਜਿਸ ਵਿਚ ਸਟੇਟ ਬੈਂਕ ਆਫ ਇੰਡੀਆ,ਪੰਜਾਬ ਨੈਸ਼ਨਲ ਬੈਂਕ,ਬੈਂਕ ਆਫ ਇੰਡੀਆ, ਪੰਜਾਬ ਐਂਡ ਸਿੰਧ ਬੈਂਕ,ਯੂਕੋ ਬੈਂਕ , ਇੰਡੀਅਨ ਓਵਰਸੀਜ਼ ਬੈਂਕ ਆਦਿ ਅਤੇ ਪੈਨਸ਼ਨਰਾਂ ਦੀਆਂ ਜਥੇਬੰਦੀਆਂ ਦੀ ਮੀਟਿੰਗ ਸ੍ਰ ਮਨਜਿੰਦਰ ਸਿੰਘ ਸੰਧੂ, ਜ਼ਿਲ੍ਹਾ ਖ਼ਜ਼ਾਨਾ ਅਫਸਰ (ਕ ਵ ) ਅੰਮ੍ਰਿਤਸਰ ਦੀ ਅਗਵਾਈ ਹੇਠ ਹੋਈ ਜਿਸ ਵਿਚ ਪੰਜਾਬ ਸਟੇਟ ਮਨਿਸਟੀਰੀਅਲ ਪੈਨਸ਼ਨਰਜ ਐਸੋਸੀਏਸ਼ਨ ਜ਼ਿਲ੍ਹਾ ਅੰਮ੍ਰਿਤਸਰ,ਪੰਜਾਬ ਸਟੇਟ ਪੈਨਸ਼ਨਰ ਅਤੇ ਸੀਨੀਅਰ ਸਿਟੀਜਨ ਐਸੋਸੀਏਸ਼ਨ,ਪੈਨਸ਼ਨਰ ਮਹਾਸੰਘ ਦੇ ਨੁਮਾਇੰਦਿਆਂ ਨੇ ਭਾਗ ਲਿਆ।ਇਹ ਮੀਟਿੰਗ ਪਿਛਲੇ ਦਿਨੀਂ ਸ੍ਰੀ ਮਤੀ ਸਿਮਰਨਜੀਤ ਕੌਰ ਐਡੀਸ਼ਨਲ ਡਾਇਰੈਕਟਰ,ਵਿੱਤ ਵਿਭਾਗ ਚੰਡੀਗੜ੍ਹ ਜਦੋਂ ਅੰਮ੍ਰਿਤਸਰ ਵਿਖੇ ਸਰਕਾਰੀ ਦੋਰੇ ਤੋਂ ਆਏ ਸਨ ਤਾਂ ਪੈਨਸ਼ਨਰ ਐਸੋਸੀਏਸ਼ਨ ਨੇ ਉਨ੍ਹਾਂ ਨੂੰ ਬੈਂਕਾਂ ਵੱਲੋਂ ਦਰਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਦਿੱਤੀ ਸੀ ਤਾਂ ਐਡੀਸ਼ਨਲ ਡਾਇਰੈਕਟਰ ਜੀ ਨੇ ਜ਼ਿਲ੍ਹਾ ਖ਼ਜ਼ਾਨਾ ਅਫਸਰ ਸ਼੍ਰੀਮਤੀ ਸੁਖਬੀਰ ਕੌਰ ਨੂੰ ਹਦਾਇਤ ਕੀਤੀ ਸੀ ਕਿ ਜਲਦੀ ਹੀ ਪੈਨਸ਼ਨਰ ਐਸੋਸੀਏਸ਼ਨਾ ਅਤੇ ਬੈਂਕ ਅਧਿਕਾਰੀਆਂ ਨਾਲ ਮੀਟਿੰਗ ਕਰਵਾਈ ਜਾਵੇ ਤਾਂ ਜ਼ੋ ਪੈਨਸ਼ਨਰਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਅੱਜ ਦੋਹਾਂ ਧਿਰਾਂ ਬੈਂਕਾਂ ਅਤੇ ਜਥੇਬੰਦੀਆਂ ਦੀ ਮੀਟਿੰਗ ਸ੍ਰੀ ਮਨਜਿੰਦਰ ਸਿੰਘ ਸੰਧੂ ਖ਼ਜ਼ਾਨਾ ਅਫਸਰ ਦੀ ਸੂਝਬੂਝ ਸਦਕਾ ਬਹੁਤ ਸੁਖਾਵੇਂ ਮਾਹੌਲ ਵਿਚ ਹੋਈ,ਬੈਂਕ ਅਧਿਕਾਰੀਆਂ ਨੇ ਜਥੇਬੰਦੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਉੱਪਰ ਪਹਿਲ ਦੇ ਆਧਾਰ ਤੇ ਕਾਰਵਾਈ ਕਰਦਿਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਵੇਗਾ ਤੇ ਬਣਦੇ ਏਰੀਅਰ,ਐਲ ਟੀ ਸੀ ਆਦਿ ਲਾਭ ਜਲਦੀ ਪੈਨਸ਼ਨਰਾ ਨੂੰ ਦੇ ਦਿੱਤੇ ਜਾਣਗੇ ਜਿਸ ਉਪਰ ਸ਼ਾਮਿਲ ਸਭਨਾਂ ਨੁਮਾਇੰਦਿਆਂ ਨੇ ਤਸੱਲੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਭਵਿੱਖ ਵਿੱਚ ਵੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜ਼ੋ ਪੈਨਸ਼ਨਰਾਂ ਨੂੰ ਪੈਨਸ਼ਨ,ਐਲ ਟੀ ਸੀ, ਏਰੀਅਰ ਆਦਿ ਲੈਣ ਵਿੱਚ ਕੋਈ ਸਮੱਸਿਆ ਪੇਸ਼ ਨਾ ਆਵੇ।ਇਸ ਮੌਕੇ ਪੰਜਾਬ ਸਟੇਟ ਮਨਿਸਟੀਰੀਅਲ ਪੈਨਸ਼ਨਰਜ ਐਸੋਸੀਏਸ਼ਨ ਦੇ ਜ਼ਿਲ੍ਹਾ ਜਰਨਲ ਸਕੱਤਰ ਰਮੇਸ਼ ਗਿੱਲ,ਸੋਮ ਨਾਥ ਰੋਲੀਆ ਸੀਨੀਅਰ ਮੀਤ ਪ੍ਰਧਾਨ, ਸੁਰਿੰਦਰਪਾਲ ਅਰੋੜਾ,ਮੈਡਮ ਵੀਨਾ ਸ਼ਰਮਾ,ਯੋਗੇਸ਼ ਭਾਟੀਆ, ਮਦਨ ਲਾਲ ਮੰਨਣ,ਜੋਗਿੰਦਰ ਸਿੰਘ,ਸਤਪਾਲ ਜੀ, ਕਰਤਾਰ ਸਿੰਘ ਐਮ ਏ,ਸੁਖਦੇਵ ਰਾਜ ਕਾਲੀਆ,ਹਰਭਿੰਦਰ ਸਿੰਘ ਭੁੱਲਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

# ਬਾਬਾ ਸਾਹਿਬ ਦੇ ਅਪਮਾਨ ਲਈ ਕੇਂਦਰ ਤੇ ਪੰਜਾਬ ਸਰਕਾਰ ਸਿੱਧੇ ਤੌਰ ’ਤੇ ਜ਼ਿੰਮੇਵਾਰ: ਅਵਤਾਰ ਸਿੰਘ ਕਰੀਮਪੁਰੀ

**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਸੂਬੇ ਵਿੱਚ ਵੱਖ-ਵੱਖ ਥਾਵਾਂ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਦੇ ਹੋਏ ਅਪਮਾਨ ਲਈ ਪੰਜਾਬ ਦੀ ‘ਆਪ’ ਸਰਕਾਰ ਤੇ ਕੇਂਦਰ ਦੀ ਭਾਜਪਾ ਸਰਕਾਰ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ। ਇਹ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਵਲੋਂ ਬੱਸ ਸਟੈਂਡ ਗੜ੍ਹਸ਼ੰਕਰ ਵਿਖੇ ਬਸਪਾ ਵਲੋਂ ਰੱਖੇ ਰੋਸ ਧਰਨੇ ਦੌਰਾਨ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਅਸਥਾਨ ਸ੍ਰੀ ਖੁਰਾਲਗੜ੍ਹ ਤੋਂ ਬਸਪਾ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਵੱਡੇ ਕਾਫ਼ਲੇ ਨਾਲ ਗੜ੍ਹਸ਼ੰਕਰ ਪਹੁੰਚੇ ਬਸਪਾ ਆਗੂਆਂ, ਵਰਕਰਾਂ ਤੇ ਸਮਰਥਕਾਂ ਵਲੋਂ



ਗੜ੍ਹਸ਼ੰਕਰ ਦੇ ਨੰਗਲ ਰੋਡ ਤੋਂ ਬੱਸ ਸਟੈਂਡ ਤੱਕ ਰੋਸ ਮਾਰਚ ਕੀਤਾ।ਇਸ ਉਪਰੰਤ ਬੱਸ ਸਟੈਂਡ ਵਿਖੇ ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦਾ ਅਪਮਾਨ ਕਰਨ ਸਮੇਤ ਵੱਖ-ਵੱਖ ਥਾਵਾਂ ਤੇ ਬੁੱਤਾਂ ਦੇ ਅਪਮਾਨ ਦੇ ਵਿਰੋਧ, ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਖੁੱਲ੍ਹੇ ਸ਼ਰਾਬ ਦੇ ਜਾਇਜ਼ ਅਤੇ ਨਜਾਇਜ਼ ਠੇਕਿਆਂ ਅਤੇ ਸੂਬੇ ’ਚ ਵਿਗੜੀ ਅਮਨ ਕਾਨੂੰਨ ਦੀ ਸਥਿਤ ਖਿਲਾਫ਼ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਭਰ ਵਿੱਚ ਪੰਜਾਬ ਬਚਾਓ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਬੁੱਤਾਂ ਦੇ ਅਪਮਾਨ ਦੀਆਂ ਘਟਨਾਵਾਂ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਅਕਾਲੀ ਦਲ ਦੇ ਪ੍ਰਧਾਨ ਦੀ ਜ਼ੁਬਾਨ ਤੋਂ ਇਕ ਵੀ ਸ਼ਬਦ ਨਹੀਂ ਨਿਕਲਿਆ। ਉਨ੍ਹਾਂ ਪ੍ਰਸ਼ਾਸ਼ਨ ਨੂੰ ਸ਼ਰਾਬ ਦੇ ਠੇਕੇ ਬੰਦ ਕਰਨ, ਬਾਬਾ ਸਾਹਿਬ ਦੇ ਬੁੱਤ ਦਾ ਅਪਮਾਨ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਬਾਬਾ ਸੁੱਚਾ ਸਿੰਘ ਭੌਰੀਆਂ, ਹਰਦੇਵ ਗੁਲਮਰਗ ਅਤੇ ਮਾਸਟਰ ਰਾਮ ਦਾਸ ਬਸਪਾ ਦੇ ਹੋਰ ਆਗੂ ਹਾਜ਼ਰ ਸਨ।

# ਡਾ ਅਨਿਲ ਬਹਿਲ ਦਾ ਗਜ਼ਲ ਸੰਗ੍ਰਹਿ 'ਕੂੰਜਾਂ ਦੀ ਉਡਾਣ, ਲੋਕ ਅਰਪਣ

**ਜ਼ੀਰਾ**

ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਵਿਸ਼ੇਸ਼ ਇਕੱਤਰਤਾ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਹੋਈ। ਜਿਸ ਵਿਚ ਡਾ ਅਨਿਲ ਬਹਿਲ ਦਾ ਗਜ਼ਲ ਸੰਗ੍ਰਹਿ ÷ ਕੂੰਜਾਂ ਦੀ ਉਡਾਣ÷ ਲੋਕ ਅਰਪਣ ਕੀਤਾ ਗਿਆ। ਸ਼ੁਰੂ ਵਿਚ ਅਹਿਮਦਾਬਾਦ ਹਵਾਈ ਹਾਦਸੇ ਵਿਚ ਜਾਨ ਗੁਆਉਣ ਵਾਲਿਆਂ ਨੂੰ ਦੋ ਮਿੰਟ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਪ੍ਰਸਿੱਧ ਗਜ਼ਲ-ਗੋ ਗੁਰਦਿਆਲ ਰੌਸ਼ਨ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿਚ ਕੇਂਦਰ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਕੌਰ ਪਰਮ, ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ, ਮੁੱਖ ਸਲਾਹਕਾਰ ਡਾ ਅਵਤਾਰ ਸਿੰਘ ਪਤੰਗ ਅਤੇ ਲੇਖਕ ਡਾ. ਅਨਿਲ ਬਹਿਲ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਮੈਡਮ ਪਰਮ ਵਲੋਂ ਸਵਾਗਤੀ ਸ਼ਬਦ ਕਹੇ ਗਏ ਅਤੇ ਪ੍ਰੋਗਰਾਮ ਬਾਰੇ ਦੱਸਿਆ। ਪ੍ਰਦੀਪ ਕੁਮਾਰ ਵਲੋਂ ਇਸ ਕਿਤਾਬ



ਵਿਚੋਂ ਗਜ਼ਲ ਨੂੰ ਤਰੰਨਮ ਵਿਚ ਪੇਸ਼ ਕੀਤਾ ਗਿਆ। ਪ੍ਰਧਾਨਗੀ ਮੰਡਲ ਨੇ ਕਿਤਾਬ ਨੂੰ ਲੋਕ-ਅਰਪਣ ਕੀਤਾ।

ਨਰਿੰਦਰ ਕੌਰ ਲੌਂਗੀਆ, ਭਰਪੂਰ ਸਿੰਘ, ਦਵਿੰਦਰ ਕੌਰ ਢਿਲੋਂ, ਪਰਲਾਦ ਸਿੰਘ ਨੇ ਕਿਤਾਬ ਵਿਚੋਂ ਗਜ਼ਲਾਂ ਸੁਣਾਈਆਂ। ਡਾ ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਗਜ਼ਲ ਅਰਬੀ, ਫਾਰਸੀ,ਉਰਦੂ ਜ਼ੁਬਾਨਾਂ ਵਿਚੋਂ ਹੁੰਦੀ ਹੋਈ ਪੰਜਾਬੀ ਜ਼ੁਬਾਨ ਵਿਚ ਪ੍ਰਫੁਲਿਤ ਹੋਈ ਹੈ। ਲੇਖਕ ਨੇ ਮਿਹਨਤ ਨਾਲ ਗਜ਼ਲ ਲਿਖਣੀ ਸਿੱਖੀ ਹੈ ਅਤੇ ਵਧੀਆ ਗਜ਼ਲਾਂ ਲਿਖੀਆਂ ਹਨ। ਪਾਲ ਅਜਨਬੀ, ਗੁਰਦਰਸ਼ਨ ਸਿੰਘ ਮਾਵੀ, ਪਰਮਜੀਤ ਪਰਮ ਨੇ ਵੀ ਕਿਤਾਬ ਬਾਰੇ ਵਿਚਾਰ ਪ੍ਰਗਟ ਕੀਤੇ। ਲੇਖਕ ਡਾ ਅਨਿਲ ਬਹਿਲ ਨੇ ਦੱਸਿਆ ਕਿ ਉਸ ਨੂੰ ਚੰਗੇ ਉਸਤਾਦਾਂ ਨੇ ਵਧੀਆ ਗਜ਼ਲ ਲਿਖਣੀ ਸਿਖਾਈ। ਪੰਜਾਬੀ ਵਿਚ ਗਜ਼ਲ ਲਿਖਣੀ ਕੁਝ ਔਖੀ ਹੈ ਪਰ ਸਿਰੀ ਰਾਮ ਅਰਸ਼,ਗੁਰਦਿਆਲ ਰੌਸ਼ਨ ਦੀ ਰਹਿਨੁਮਾਈ ਵਿਚ ਇਹ ਸੌਖਾ ਲੱਗਿਆ। ਮਨਜੀਤ ਕੌਰ ਮੋਹਾਲੀ, ਤਰਸੇਮ ਰਾਜ, ਰਤਨ ਬਾਬਕਵਾਲਾ, ਲਾਭ ਸਿੰਘ ਲਹਿਲੀ, ਬਲਵਿੰਦਰ ਢਿਲੋਂ, ਰਜਿੰਦਰ ਸਿੰਘ, ਹਰਜੀਤ ਸਿੰਘ, ਸਰਬਜੀਤ ਸਿੰਘ ਅਤੇ ਪਰਮ ਨੇ ਆਪਣੀਆਂ ਪਸੰਦੀਦਾ ਰਚਨਾਵਾਂ ਸੁਣਾਈਆਂ। ਗੁਰਦਿਆਲ ਰੌਸ਼ਨ ਨੇ ਗਜ਼ਲਾਂ ਨੂੰ ਮਾਪ ਦੰਡ ਉਤੇ ਖਰੀਆਂ ਉਤਰਨ ਵਾਲੀਆਂ ਦੱਸਿਆ। ਉਹਨਾਂ ਆਪਣੀਆਂ ਦੋ ਗਜ਼ਲਾਂ ਸੁਣਾਈਆਂ। ਇਸ ਮੌਕੇ ਜੋਗਿੰਦਰ ਸਿੰਘ ਜੱਗਾ,ਭਾਰਤੀ ਪੁਰੀ, ਲੋਕੇਸ਼ ਪੁਰੀ,ਧੰਨਜੇ ਪੁਰੀ,ਆਯੋਜਤ ਪੁਰੀ,ਅਮਨਦੀਪ ਕੌਰ,ਸੁਭਾਸ਼ ਚੰਦਰ, ਡਾ ਕਿਰਨ ਬਹਿਲ ਹਾਜਰ ਸਨ।

# ਬੰਗਾ ਪੁਲਿਸ ਵਲੋਂ 200 ਨਸ਼ੀਲੇ ਕੈਪਸੂਲਾਂ ਸਮੇਤ ਦੋਸ਼ੀ ਕਾਬੂ

**ਜਗਦੀਸ਼ ਲਾਲ ਕਲਸੀ, ਬੰਗਾ**

ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਚ' ਫਸਾਉਣ ਵਾਲੇ ਨਸ਼ਾ ਤਸਕਰਾਂ ਨੂੰ ਪੁਲਿਸ ਵਲੋਂ ਉਹਨਾਂ ਦੀਆਂ ਸਮਾਜ ਵਿਰੋਧੀ ਗਤੀਵਿਧੀਆਂ ਕਰਕੇ ਨਿਤ ਦਿਨ ਕਾਬੂ ਕਰਕੇ ਸਲਾਖਾਂ ਪਿੱਛੇ ਦਿੱਤਾ ਜਾ ਰਿਹਾ ਹੈ,ਬੰਗਾ ਸ਼ਹਿਰ ਚ' ਪੈਂਦੇ ਥਾਣਾ ਸਿਟੀ ਬੰਗਾ ਦੀ ਪੁਲਿਸ ਨੇ ਮਾਨਯੋਗ ਡੀ.ਐਸ.ਪੀ ਹਰਜੀਤ ਸਿੰਘ ਰੰਧਾਵਾ ਦੀ ਨਿਰਦੇਸ਼ਨਾ ਅਨੁਸਾਰ ਐਸ.ਐਚ.ਓ ਚੌਧਰੀ ਵਰਿੰਦਰ ਕੁਮਾਰ ਦੀ ਅਗਵਾਈ ਵਿੱਚ 200 ਨਸ਼ੀਲੇ ਕੈਪਸੂਲਾਂ ਸਮੇਤ ਇੱਕ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ,ਥਾਣਾ ਮੁਖੀ ਚੌਧਰੀ ਵਰਿੰਦਰ ਕੁਮਾਰ ਜੀ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਸ਼ੀ ਦੀ ਪਹਿਚਾਣ ਗੁਰਪ੍ਰੀਤ ਸਿੰਘ ਉਰਫ਼ ਹੈਪੀ ਪੁੱਤਰ ਹਰਮੇਸ਼ ਲਾਲ ਵਾਸੀ ਪੂਨੀਆ ਵਜੋਂ ਹੋਈ ਹੈ,ਵਿਸਥਾਰ ਨਾਲ ਦੱਸਦੇ ਹੋਏ ਉਹਨਾਂ ਆਖਿਆ ਕਿ ਪੁਲਿਸ ਪਾਰਟੀ ਬੰਗਾ ਮੁਕੰਦਪੁਰ ਰੋਡ ਤੋਂ ਹੁੰਦੇ ਹੋਏ ਪੂਨੀਆ ਫਾਟਕ ਵੱਲ ਗਸ਼ਤ ਕਰ ਰਹੀ ਸੀ ਤੇ ਪਿੰਡ ਪੂਨੀਆ ਕੋਲ ਸੂਆ ਦੇ ਨੇੜੇ ਇੱਕ ਨੌਜਵਾਨ ਪੈਦਲ ਜਾਂਦਾ ਦਿਖਾਈ ਦਿੱਤਾ ਅਤੇ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ,ਪੁੱਛ-ਗਿੱਛ



ਦੌਰਾਨ ਸਵਾਲਾਂ ਦੇ ਜਵਾਬ ਨਾ ਦੇ ਪਾਇਆ,ਚੌਧਰੀ ਵਰਿੰਦਰ ਕੁਮਾਰ ਨੇ ਆਖਿਆ ਕਿ ਦੋਸ਼ੀ ਗੁਰਪੀਤ ਸਿੰਘ ਕੋਲ ਤਲਾਸ਼ੀ ਦੌਰਾਨ ਕੁੱਲ 200 ਨਸ਼ੀਲੇ ਕੈਪਸੂਲ ਬਰਾਮਦ ਹੋਏ,ਮੌਕੇ ਤੇ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਹੋਰ ਤਫਤੀਸ਼ ਲਈ ਮਾਨਯੋਗ ਅਦਾਲਤ ਚ' ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾਵੇਗਾ,ਗੌਰਤਲਬ ਹੈ ਕਿ ਪਿੱਛੇ ਕਈ ਮਹੀਨਿਆਂ ਤੋਂ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਹੇਠ ਪੁਲਿਸ ਨਸ਼ਿਆਂ ਨੂੰ ਪ੍ਰਫੁਲਤ ਕਰਨ ਵਾਲੇ ਨਸ਼ਾ ਤਸਕਰਾਂ ਦੇ ਸ਼ਿਕੰਜਾ ਕੱਸਣ ਵਿੱਚ ਕਾਮਯਾਬ ਸਿੱਧ ਹੋਈ ਹੈ, ਇਸ ਮੌਕੇ ਉਹਨਾਂ ਨਾਲ ਪੁਲਿਸ ਪਾਰਟੀ ਦੇ ਬਾਕੀ ਮੁਲਾਜਮ ਵੀ ਮੌਜੁਦ ਸਨ.

# ਪਿੰਡ ਫੇਰੋਕੇ ਵਿਖੇ ਛੋਟੇ ਬੱਚਿਆਂ ਨੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



**ਜ਼ੀਰਾ**

ਜੀਰਾ ਬਲਾਕ ਦੇ ਪਿੰਡ ਫੇਰੋਕੇ ਵਿਖੇ ਛੋਟੇ ਛੋਟੇ ਬੱਚਿਆਂ ਨੇ ਨੌਜਵਾਨਾਂ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਫੇਰੋਕੇ ਦੇ ਬਾਹਰ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ! ਇਸ ਦੌਰਾਨ ਬੱਚਿਆਂ ਵੱਲੋਂ ਬੜੇ ਉਤਸ਼ਾਹ ਨਾਲ ਰਾਹਗੀਰਾਂ ਨੂੰ ਠੰਢਾ ਮਿੱਠਾ ਜਲ ਛਕਾਇਆ ਗਿਆ। ਇਸ ਮੌਕੇ ਹਰਮਨਜੋਤ ਸਿੰਘ, ਸੁਖਮਨ ਯੋਧ ਸਿੰਘ, ਹਰਜੋਤ ਸਿੰਘ, ਗੁਰਪ੍ਰੀਤ ਸਿੰਘ, ਜਗਦੇਵ ਸਿੰਘ ਢਿੱਲੋਂ, ਕਮਲਜੀਤ ਸਿੰਘ ਢਿੱਲੋ, ਪਰਮਜੀਤ ਸਿੰਘ ਪੰਮਾ, ਜਸਕਰਨ ਸਿੰਘ, ਜੱਸੀ ਢਿੱਲੋਂ, ਜਪਨੂਰ ਸਿੰਘ ਅਮਰਿੰਦਰ ਸਿੰਘ, ਕਰਤਾਰ ਸਿੰਘ ਢਿੱਲੋਂ, ਮੰਦਰ ਸਿੰਘ ਬਰਾੜ, ਨਰੇਸ਼ ਕੁਮਾਰ, ਸ਼ਹਜਪ੍ਰੀਤ ਸਿੰਘ, ਲਵਜੀਤ ਸਿੰਘ, ਸੁਖਬੀਰ ਸਿੰਘ, ਅਰਮਾਨ ਸਿੰਘ, ਰਾਜਵੀਰ ਸਿੰਘ ਆਦਿ ਹਾਜ਼ਰ ਸਨ।

# ਨਿਗਮ ਕਮਿਸ਼ਨਰ ਦੀ ਐਲ.ਐਂਡ.ਟੀ ਅਧਿਕਾਰੀਆਂ ਨੂੰ ਸਖਤ ਹਦਾਇਤਾ, ਬਰਸਾਤਾ ਤੋ ਪਹਿਲਾ-2 ਕੀਤੀ ਜਾਵੇ ਸੜਕਾ ਦੀ ਮੁਰਮੰਤ

**ਅੰਮ੍ਰਿਤਸਰ**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਸ਼ਹਿਰ ਦੇ ਚਹੁੰ-ਮੁਖੀ ਵਿਕਾਸ ਲਈ ਨਿਗਮ ਅਧਿਕਾਰੀਆਂ ਤੋ ਇਲਾਵਾ ਟ?ਰੈਫਿਕ ਪੁਲਿਸ , ਪੀ.ਡਬਲਯੂ.ਡੀ ਅਤੇ ਨਹਿਰੀ ਪਾਣੀ ਯੋਜਨਾ ਅਧੀਨ ਸ਼ਹਿਰ ਵਿੱਚ ਪਾਇਪ ਲਾਈਨ ਵਿਛਾ ਰਹੀ ਕੰਪਨੀ ਐਲ.ਐਂਡ.ਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਕਮਿਸ਼ਨਰ ਵਲੋਂ ਏ.ਡੀ.ਸੀ.ਪੀ ਟ?ਰੈਫਿਕ ਮੈਡਮ ਅਮਨਦੀਪ ਕੌਰ ਨੂੰ ਸ਼ਹਿਰ ਦੀਆ ਮੁੱਖ ਸੜਕਾਂ ਤੇ ਹੋਏ ਨਜਾਇਜ ਕਬਜਿਆਂ ਨੂੰ ਹਟਾਉਣ ਲਈ ਨਿਗਮ ਅਧਿਕਾਰੀਆਂ ਦੇ ਨਾਲ ਸਹਿਯੋਗ ਕਰਨ ਲਈ ਕਿਹਾ ਅਤੇ ਟ?ਰੈਫਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਨਿਗਮ ਵਲੋਂ ਹਰ ਸਭੰਵ ਮਦਦ ਦਾ ਭਰੋਸਾ ਦਿਤਾ।

ਪੀ.ਡਬਲਯੂ ਡੀ ਦੇ ਅਧਿਕਾਰੀਆਂ ਨੂੰ ਨਿਗਮ ਦੀ ਹਦੂਦ ਅੰਦਰ ਉਹਨਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਸੜਕਾਂ ਦੇ ਕੰਮ ਕਰਨ ਲਈ ਕਿਹਾ ਗਿਆ। ਸ਼ਹਿਰ ਵਿੱਚ ਨਹਿਰੀ ਪਾਣੀ ਯੋਜਨਾ ਅਧੀਨ ਪੀਣ ਵਾਲੇ ਪਾਣੀ ਦੀਆ ਪਾਇਪਾਂ ਵਿਛਾਉਣ ਵਾਲੀ ਕੰਪਨੀ ਐਲ.ਐਂਡ.ਟੀ ਦੇ ਪ੍ਰਾਜੈਕਟ ਡਾਇਰੈਕਟਰ ਰਾਹੁਲ ਪਟੇਲ ਨੂੰ ਪੁਟੀਆਂ ਗਈਆਂ ਸੜਕਾਂ ਦੀ ਬਰਸਾਤਾ ਤੋ ਪਹਿਲਾਂ-2 ਮੁਰੰਮਤ ਕਰਨ ਦੀਆ ਹਦਾਇਤਾ ਕੀਤੀਆਂ । ਇਸ ਤੋ ਇਲਾਵਾ ਨਿਗਮ ਅਧਿਕਾਰੀਆਂ ਵਲੋਂ ਉਹਨਾ ਨੂੰ ਅਲਾਟ ਕੀਤੀਆਂ ਗਈ ਸੜਕਾਂ ਤੇ ਉਨਾਂ ਵਲੋਂ ਕੀਤੇ ਗਏ ਵਿਕਾਸ ਦੇ ਕੰਮਾ ਬਾਰੇ ਜਾਣਕਾਰੀ ਲਈ ਗਈ । ਮੀਟਿੰਗ ਵਿੱਚ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ



, ਨਿਗਰਾਨ ਇੰਜੀਨਿਅਰ ਸੰਦੀਪ ਸਿੰਘ , ਕਾਰਜਕਾਰੀ ਇੰਜੀਨਿਅਰ ਭਲਿੰਦਰ ਸਿੰਘ, ਸੁਨੀਲ ਮਹਾਜਨ , ਸਵਰਾਜਇੰਦਰਪਾਲ ਸਿੰਘ, ਗੁਰਜਿੰਦਰ ਸਿੰਘ, ਮਨਜੀਤ ਸਿੰਘ, ਸਿਹਤ ਅਫਸਰ ਡਾ.ਯੋਗੇਸ਼ ਅਰੋੜਾ, ਲੈਂਡ ਸੁਪਰਡੰਟ ਰਾਜਕੁਮਾਰ , ਟ?ਰੈਫਿਕ ਪੁਲਿਸ ਅਤੇ ਪੀ.ਡਬਲਯੂ ਡੀ ਦੇ ਅਧਿਕਾਰੀ ਵੀ ਸ਼ਾਮਲ ਸਨ।

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹਿਰ ਦੀਆਂ ਮੁੱਖ ਸੜਕਾ ਦੇ ਰੱਖ-ਰਖਾਵ ਲਈ ਉਹਨਾਂ ਵਲੋਂ ਜੋ ਨਿਗਮ ਦੇ ਅਧਿਕਾਰੀਆਂ ਨੂੰ ਬਤੌਰ ਨੋਡਲ ਅਫਸਰ ਲਗਾਇਆ ਗਿਆ ਸੀ ਇਸ ਦੇ ਸਲਾਘਾ ਯੋਗ ਨਤੀਜੇ ਨਜਰ ਆ ਰਹੇ ਹਨ ਉਹਨਾ ਕਿਹਾ ਕਿ ਨਿਗਮ ਅਧਿਕਾਰੀਆਂ ਵਲੋਂ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸ਼ਹਿਰ ਦੀਆਂ ਜੋ ਸੜਕਾਂ ਨਗਰ ਨਿਗਮ ਅਧੀਨ ਆਉਂਦੀਆਂ ਹਨ ਉਹਨਾ ਦਾ ਤਾ ਉਹ ਵਿਕਾਸ ਕਰ ਰਹੇ ਹਨ ਪਰ ਜੋ ਸੜਕਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾ ਜਿਵੇ ਕਿ ਪੀ.ਡਬਲਯੂ ਡੀ , ਮੰਡੀ ਕਰਨ ਬੋਰਡ , ਨੇਸ਼ਨਲ ਹਾਇਵੇ ਅਥਾਰਟੀ, ਆਦਿ ਅਧੀਨ ਆਉਂਦੀਆਂ ਹਨ , ਇਹਨਾ ਦੇ ਵਿਕਾਸ ਦੇ ਕੰਮ ਇਹਨਾ ਵਿਭਾਗਾ ਵਲੋਂ ਹੀ ਕੀਤੇ ਜਾਣੇ ਹਨ ਜਿਸ ਕਰਕੇ ਪੀ.ਡਬਲਯੂ.ਡੀ ਵਿਭਾਗ ਦੇ ਅਧਿਕਾਰੀਆਂ ਨੂੰ ਉਹਨਾਂ ਅਧੀਨ ਆਉਂਦੀਆਂ ਸੜਕਾਂ ਤੇ ਲੋੜੀਂਦੇ ਕੰਮ ਕਰਨ ਲਈ ਕਿਹਾ ਗਿਆ ਹੈ । ਇਸ ਤੋ ਇਲਾਵਾ ਅਧਿਕਾਰੀਆਂ ਵਲੌਂ ਦਸੇ ਅਨੁਸਾਰ ਸ਼ਹਿਰ ਦੀਆਂ ਸੜਕਾ ਤੇ ਹੋਏ ਨਜਾਇਜ ਕਬਜਿਆ ਨੂੰ ਹਟਾਉਣ ਲਈ ਟ?ਰੈਫਿਕ ਪੁਲਿਸ ਅਤੇ ਅਸਟੇਟ ਵਿਭਾਗ ਨੂੰ ਮਿਲ ਕੇ ਕੰਮ ਕਰਨ ਲਈ ਕਿਹਾ ਗਿਆ ਹੈ । ਨਿਗਮ ਅਧਿਕਾਰੀਆਂ ਵਲੋਂ ਇਹ ਵੀ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਨਹਿਰੀ ਪਾਣੀ ਯੋਜਨਾ ਅਧੀਨ ਜਿਹੜੀਆਂ ਸੜਕਾਂ ਐਲ.ਐਂਡ.ਟੀ ਕੰਪਨੀ ਵਲੋਂ ਪਾਇਪਾਂ ਵਿਛਾਉਣ ਸਮੇਂ ਪੁਟੀਆਂ ਗਈਆਂ ਸਨ । ਉਹਨਾ ਦੀ ਰਿਪੇਅਰ ਨਹੀ ਕੀਤੀ ਗਈ ਹੈ ਜਿਸ ਕਰਕੇ ਬਰਸਾਤ ਦੇ ਮੌਸਮ ਵਿੱਚ ਸਮਸਿਆਂ ਹੋ ਸਕਦੀ ਹੈ ਇਸ ਲਈ ਕਮਿਸ਼ਨਰ ਨੇ ਦੱਸਿਆ ਕਿ ਪ੍ਰਾਜੈਕਟ ਮੇਨੈਜਰ ਰਾਹੁਲ ਪਟੇਲ ਨੂੰ ਸਪਸ਼ਟ ਸਬਦਾਂ ਵਿੱਚ ਹਦਾਇਤ ਕੀਤੀ ਗਈ ਹੈ ਕਿ ਬਰਸਾਤ ਤੋ ਪਹਿਲਾ -2 ਸ਼ਹਿਰ ਦੀਆਂ ਇਨਾ ਸਾਰੀਆਂ ਸੜਕਾਂ ਦੀ ਰਿਪੇਅਰ ਮੁਕੰਮਲ ਕੀਤੀ ਜਾਵੇ।

# ਪੀਪਿੰਗ ਸੈਰਮਨੀ ਦੌਰਾਨ ਡੀ ਜੀ ਪੀ ਪੰਜਾਬ ਸ੍ਰੀ ਗੌਰਵ ਯਾਦਵ ਆਈ ਜੀ ਹੈੱਡਕੁਆਟੁਰ ਸ੍ਰ ਸੁਖਚੈਨ ਸਿੰਘ ਗਿੱਲ ਨਾਲ ਪਦਉਨਤ ਡੀ ਐਸ ਪੀ ਨੀਰਜ ਕੁਮਾਰ



**ਅੰਮ੍ਰਿਤਸਰ**

ਸ੍ਰੀ ਜਗਜੀਤ ਸਿੰਘ ਪੀਪੀਐਸ, ਡੀ.ਐਸ.ਪੀ ਅਤੇ ਸ੍ਰੀ ਨੀਰਜ਼ ਕੁਮਾਰ ਪੀ ਪੀ ਐਸ, ਡੀ ਐਸ ਪੀ ਰੈਂਕ ਪਰ ਪਦਉਨਤ ਹੋਣ ਤੇ ਸ੍ਰੀ ਗੌਰਵ ਯਾਦਵ ਆਈਪੀਐਸ, ਮਾਨਯੋਗ ਡੀ.ਜੀ.ਪੀ, ਪੰਜਾਬ ਅਤੇ ਸ੍ਰੀ ਸੁਖਚੈਨ ਸਿੰਘ ਗਿੱਲ, ਆਈਪੀਐਸ , ਆਈ.ਜੀ. ਹੈਡਕੁਆਰਟਰ, ਪੰਜਾਬ ਜੀ ਵਲੋ ਨਵ ਨਿਯੁਕਤ ਸਮੂਹ ਡੀ.ਐਸ.ਪੀ ਲਈ ਪੁਲਿਸ ਹੈਡ ਕੁਆਰਟਰ, ਚੰਡੀਗੜ੍ਹ ਵਿਖੇ ਰੱਖੀ ਪੀਪਿੰਗ ਸੈਰੇਮਨੀ ਦੌਰਾਨ ਸ੍ਰੀ ਜਗਜੀਤ ਸਿੰਘ, ਪੀ ਪੀ ਐਸ, ਅਤੇ ਸ੍ਰੀ ਨੀਰਜ਼ ਕੁਮਾਰ ਪੀ ਪੀ ਐਸ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਮਿਹਨਤ ਅਤੇ ਤਨਦੇਹੀ ਨਾਲ ਡਿਊਟੀ ਅਤੇ ਪਬਲਿਕ ਨੂੰ ਹੋਰ ਵਧੀਆ ਸੇਵਾਵਾਂ ਦੇਣ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਡੀ.ਐਸ.ਪੀ, ਸ੍ਰੀ ਜਗਜੀਤ ਸਿੰਘ ਅਤੇ ਡੀ.ਐਸ.ਪੀ, ਸ੍ਰੀ ਨੀਰਜ਼ ਕੁਮਾਰ ਪਹਿਲਾਂ, ਪਹਿਲਾਂ ਬਤੌਰ ਇੰਸਪੈਕਟਰ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਦੇ ਵੱਖ ਵੱਖ ਥਾਣਿਆਂ ਵਿੱਚ ਬਤੌਰ ਮੁੱਖ ਅਫਸਰ ਤਾਇਨਾਤ ਰਹੇ ਹਨ। ਇਸਤੋਂ ਇਲਾਵਾ ਹੋਰ ਕਈ ਮਹੱਤਵਪੂਰਨ ਪੋਸਟਾਂ ਤੇ ਸੇਵਾ ਨਿਭਾ ਚੁੱਕੇ ਹਨ।

# ਡਾ. ਰਵਜੋਤ ਸਿੰਘ ਆਪਣੀ ਸਾਬਕਾ ਪਤਨੀ ਦੀਆਂ ਤਸਵੀਰਾਂ ਵਾਇਰਲ ਕਰਨ ਲਈ ਖੁਦ ਜ਼ਿੰਮੇਵਾਰ : ਅਕਾਲੀ ਦਲ

## ਮੰਤਰੀ ਦੱਸਣ ਕਿ ਉਹਨਾਂ ਨੇ ਆਪਣੀ ਸਾਬਕਾ ਪਤਨੀ ਦੀਆਂ ਤਸਵੀਰਾਂ ਆਪਣੇ ਦੋਸਤਾਂ ਨਾਲ ਕਿਉਂ ਸਾਂਝੀਆਂ ਕੀਤੀਆਂ : ਐਡਵੋਕੇਟ ਅਰਸ਼ਦੀਪ ਸਿੰਘ ਕਲੇਰ

**ਚੰਡੀਗੜ੍ਹ/ਪਟਿਆਲਾ**

ਸ਼੍ਰੋਮਣੀ ਅਕਾਲੀ ਦਲ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਆਪਣੀ ਸਾਬਕਾ ਪਤਨੀ ਨਾਲ ਅਸ਼ਲੀਲ ਤਸਵੀਰਾਂ ਵਾਇਰਲ ਕਰਨ ਲਈ ਖੁਦ ਹੀ ਜ਼ਿੰਮੇਵਾਰ ਹਨ ਅਤੇ ਸਿਰਫ ਇਕ ਸੀ ਬੀ ਆਈ ਜਾਂਚ ਹੀ ਇਹ ਗੱਲ ਬੇਨਕਾਬ ਕਰ ਸਕਦੀ ਹੈ ਕਿ ਇਹ ਤਸਵੀਰਾਂ ਮੰਤਰੀ ਦੇ ਫੋਨ ਵਿਚੋਂ ਬਾਹਰ ਕਿਵੇਂ ਗਈਆਂ।

ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਬੁਲਾਰੇ ਅਰ?ਸਦੀਪ ਸਿੰਘ ਕਲੇਰ ਨੇ ਕਿਹਾ ਕਿ ਸਾਰਾ ਮਾਮਲਾ ਡੂੰਘਾਈ ਨਾਲ ਜਾਂਚ ਵਾਸਤੇ ਸੀ ਬੀ ਆਈ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਿਰਫ ਸੀ ਬੀ ਆਈ ਜਾਂਚ ਹੀ ਇਹ ਗੱਲ ਬੇਨਕਾਬ ਕਰ ਸਕਦੀ ਹੈ ਕਿ



ਇਹ ਤਸਵੀਰਾਂ ਕਿਵੇਂ ਖਿੱਚੀਆਂ ਗਈਆਂ ਤੇ ਕਿਵੇਂ ਇਹ ਡਾ. ਰਵਜੋਤ ਸਿੰਘ ਵੱਲੋਂ ਦੂਜਿਆਂ ਦੇ ਫੋਨ ਵਿਚ ਤਬਦੀਲ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਇਹ ਜਾਂਚ ਇਹ ਵੀ ਬੇਨਕਾਬ ਕਰੇਗੀ ਕਿ ਇਹ ਮਹਿਲਾ ਜਿਸਨੂੰ ਮੰਤਰੀ ਆਪਣੀ ਸਾਬਕਾ ਪਤਨੀ ਦੱਸ ਰਿਹਾ ਹੈ, ਦੀ ਬਦਨਾਮੀ ਕਿਵੇਂ ਤੇ ਕਿਉਂ ਕੀਤੀ ਗਈ। ਉਹਨਾਂ ਕਿਹਾ ਕਿ ਇਹ ਜਾਂਚ ਇਹ ਵੀ ਬੇਨਕਾਬ ਕਰੇਗੀ ਕਿ ਇਹ ਮੰਤਰੀ ਜਿਸਨੇ ਖੁਦ ਮੰਨਿਆ ਹੈ ਕਿ ਉਸਨੇ ਸੈਲਫੀਆਂ ਖਿੱਚੀਆਂ ਅਤੇ ਵੀਡੀਓ ਬਣਾਈਆਂ ਨੇ ਇਹ ਅਸ਼ੋਕ ਨਾਂਗਲੀਆਂ ਨੂੰ ਇਹ ਕਿਉਂ ਸਾਂਝੀਆਂ ਕੀਤੀਆਂ ਜਿਸਨੇ ਇਹ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ। ਉਹਨਾਂ ਕਿਹਾ ਕਿ ਨਾਂਗਲੀਆਂ ਵੱਲੋਂ ਇਹ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਨ ਤੋਂ ਬਾਅਦ ਹੀ ਇਹ ਹੋਰਨਾਂ ਵੱਲੋਂ ਸਾਂਝੀਆਂ ਕੀਤੀਆਂ ਗਈਆਂ।

ਐਡਵੋਕੇਟ ਕਲੇਰ ਨੇ ਕਿਹਾ ਕਿ ਮੰਤਰੀ ਨੇ ਖੁਦ ਮੰਨਿਆ ਹੈ ਕਿ ਉਸਦੇ ਚਾਰ ਵਿਆਹ ਹੋਏ ਹਨ ਤੇ ਉਸਦੀਆਂ ਤਿੰਨ ਸਾਬਕਾ ਪਤਨੀਆਂ ਹਨ। ਉਹਨਾਂ ਕਿਹਾ ਕਿ ਕਿਸੇ ਦੀਆਂ ਵੀ ਚਾਰ ਪਤਨੀਆਂ ਹੋਣਾ ਹੈਰਾਨੀਜਨਕ ਹੈ ਜਿਸ ਤੋਂ ਮੰਤਰੀ ਦੇ ਰਵੱਈਏ ਦਾ ਪਤਾ ਚਲਦਾ ਹੈ। ਉਹਨਾਂ ਨੇ ਸਾਬਕਾ ਪਤਨੀ ਦੀ ਪਛਾਣ ਜਨਤਕ ਕਰਨ ਤੇ ਉਸਦੀ ਬਦਨਾਮੀ ਕਰਨ ਲਈ ਮੰਤਰੀ ਖਿਲਾਫ ਪਰਚਾ ਦਰਜ ਕਰਨ ਦੀ ਵੀ ਮੰਗ ਕੀਤੀ।

ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਐਡਵੋਕੇਟ ਕਲੇਰ ਨੇ ਕਿਹਾ ਕਿ ਅਸ਼ੋਕ ਨਾਂਗਲੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਨ ਤੋਂ ਬਾਅਦ ਹੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਹ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਤੇ ਕਿਸੇ ਦਾ ਨਾਂ ਵੀ ਨਹੀਂ ਲਿਆ ਗਿਆ। ਉਹਨਾਂ ਕਿਹਾ ਕਿ ਨਾਂਗਲੀਆਂ ਮੰਤਰੀ ਦਾ ਪੁਰਾਣਾ ਮਿੱਤਰ ਹੈ ਤੇ ਇਹ ਗੱਲ ਸਾਰੇ ਜਾਣਦੇ ਹਨ। ਉਹਨਾਂ ਇਹ ਵੀ ਕਿਹਾ ਕਿ ਆਪ ਸਰਕਾਰ ਲੁਧਿਆਣਾ ਪੱਛਮੀ ਦੀ ਚੋਣ ਦੇ ਨਤੀਜੇ ਤੋਂ ਡਰੀ ਹੋਈ ਹੈ ਤੇ ਇਸੇ ਕਾਰਨ ਇਹ ਕੋਝੀਆਂ ਹਰਕਤਾਂ 'ਤੇ ਉਤਰ ਆਈ ਹੈ।

# ਐਮ ਟੀ ਪੀ ਵਿਭਾਗ ਵਲੋ ਹੋਟਲ ਕੀਤਾ ਸੀਲ



**ਅੰਮ੍ਰਿਤਸਰ**

ਹਲਕਾ ਸੈਂਟਰਲ ਅਧੀਨ ਆਉਂਦੇ ਇਲਾਕੇ ਗੁਰੂ ਬਜ਼ਾਰ ਵਿਖੇ ਗੈਰ ਕਾਨੂੰਨੀ ਢੰਗ ਨਾਲ ਬਣ ਰਹੇ ਹੋਟਲ ਨੂੰ ਪੱਕੇ ਤੌਰ ਤੇ ਐਮ ਟੀ ਪੀ ਵਿਭਾਗ ਵਲੋ ਪੂਰਾ ਸੀਲ ਕਰ ਦਿੱਤਾ ਗਿਆ ਹੈ ਜਿਕਰਯੋਗ ਹੈ ਕਿ ਗੈਰ ਕਾਨੂੰਨੀ ਢੰਗ ਨਾਲ ਬਣ ਰਹੇ ਹੋਟਲ ਨੂੰ ਸੀਲ ਕਰਵਾਉਣ ਲਈ 6 ਮਹੀਨੇ ਪਹਿਲਾ ਵੀ ਨਗਰ ਨਿਗਮ ਵਿਭਾਗ ਨੂੰ ਸ਼ਿਕਾਇਤਾਂ ਕੀਤੀਆਂ ਜਾ ਚੁੱਕੀਆਂ ਸਨ ਪ੍ਰੰਤੂ ਐਮ ਟੀ ਪੀ ਵਿਭਾਗ ਵੱਲੋਂ ਕੋਈ ਵੀ ਕਾਰਵਾਈ ਅਮਲ ਵਿੱਚ ਨਾ ਲਿਆਉਣ ਤੇ ਕਿਸਾਨ ਜਥੇਬੰਦੀਆਂ ਵਲੋਂ ਐਮ ਟੀ ਪੀ ਵਿਭਾਗ ਦੇ ਅਧਿਕਾਰੀਆਂ ਨੂੰ ਮਿਲਿਆ ਗਿਆ ਜਿਸਦੇ ਚਲਦਿਆਂ ਐਮ ਟੀ ਪੀ ਵਿਭਾਗ ਵੱਲੋਂ ਅਗਲੇ ਹਿੱਸੇ ਤੋਂ ਹੋਟਲ ਸੀਲ ਕਰ ਦਿੱਤਾ ਗਿਆ ਪ੍ਰੰਤੂ ਹੋਟਲ ਮਾਲਕ ਵਲੋ ਹੋਟਲ ਦੇ ਪਿਛਲੇ ਪਾਸੇ ਤੋਂ ਦਰਵਾਜ਼ਾ ਕੱਢ ਕੇ ਹੋਟਲ ਦੀ ਉਸਾਰੀ ਨੂੰ ਜਾਰੀ ਰੱਖਿਆ ਜਿਸਦੇ ਚਲਦਿਆਂ ਇਹ ਮਾਮਲਾ ਦੁਬਾਰਾ ਤੋਂ ਐਮ ਟੀ ਪੀ ਵਿਭਾਗ ਦੇ ਧਿਆਨ ਵਿੱਚ ਲਿਆਉਣ ਤੇ ਬਿਲਡਿੰਗ ਇੰਸਪੈਕਟਰ ਵਲੋ ਹੋਟਲ ਅਤੇ ਦੁਕਾਨ ਨੂੰ ਪੱਕੇ ਤੌਰ ਤੇ ਸੀਲ ਕਰ ਦਿੱਤਾ ਗਿਆ ।।

# KVIC ਨੇ ਦੇਸ਼ ਭਰ ਦੇ 11,480 PMEGP ਲਾਭਪਾਤਰੀਆਂ ਨੂੰ 300 ਕਰੋੜ ਤੋਂ ਵੱਧ ਦੀ ਸਬਸਿਡੀ ਵੰਡੀ

**ਚੰਡੀਗੜ੍ਹ**

ਖਾਦੀ ਅਤੇ ਗ੍ਰਾਮ ਉਦਯੋਗ ਕਮਿਸ਼ਨ ਨੇ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਪ੍ਰੋਗਰਾਮ ਦੇ ਤਹਿਤ ਦੇਸ਼ ਭਰ ਦੀਆਂ 11,480 ਸੇਵਾ ਖੇਤਰ ਦੀਆਂ ਇਕਾਈਆਂ ਲਈ ?1,000 ਕਰੋੜ ਰੁਪਏ ਅਲਾਟ ਕੀਤੇ ਹਨ। ਲਾਭਪਾਤਰੀਆਂ ਨੂੰ ?300 ਕਰੋੜ ਤੋਂ ਵੱਧ ਦੀ ਮਾਰਜਿਨ ਮਨੀ ਸਬਸਿਡੀ ਦਿੱਤੀ ਗਈ। ਇਹ ਵੰਡ ਲਗਭਗ ?906 ਕਰੋੜ ਦੇ ਕਰਜ਼ੇ ਦੀ ਮਨਜ਼ੂਰੀ ਦੇ ਬਦਲੇ ਕੀਤੀ ਗਈ। 17 ਜੂਨ 2025 ਨੂੰ ਇੱਕ ਵਰਚੁਅਲ ਸਮਾਗਮ ਰਾਹੀਂ ਇਹ ਸਬਸਿਡੀ ਆਨਲਾਈਨ ਮਾਧਿਅਮ ਰਾਹੀਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਟ?ਰਾਂਸਫਰ ਕੀਤੀ ਗਈ। ਇਸ ਸਮਾਗਮ ਦੀ ਅਗਵਾਈ ਕੇਵੀਆਈਸੀ ਦੇ ਚੇਅਰਮੈਨ ਸ੍ਰੀ ਮਨੋਜ ਕੁਮਾਰ ਨੇ ਕੀਤੀ, ਜਿਨ੍ਹਾਂ ਨੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਰੂਪ ਰਾਸ਼ੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ




ਲਾਭਪਾਤਰੀਆਂ ਨੂੰ ਸੰਬੋਧਨ ਵੀ ਦਿੱਤਾ।

ਚੇਅਰਮੈਨ ਮਨੋਜ ਕੁਮਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ 'ਆਤਮਨਿਰਭਰ ਅਤੇ ਵਿਕਸਤ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ PMEGP ਇੱਕ ਮਜ਼ਬੂਤ ਥੰਮ ਬਣ ਗਿਆ ਹੈ। ਇਹ ਯੋਜਨਾ ਸਿਰਫ ਵਿੱਤੀ ਸਹਾਇਤਾ ਤੱਕ ਸੀਮਤ ਨਹੀਂ, ਸਗੋਂ ਇਹ ਇੱਕ ਸਮਾਜਿਕ ਲਹਿਰ ਬਣ ਗਈ ਹੈ ਜੋ ਨੌਜਵਾਨਾਂ, ਔਰਤਾਂ ਅਤੇ ਕਾਰੀਗਰਾਂ ਨੂੰ ਸਵੈ-ਰੋਜ਼ਗਾਰੀ ਵੱਲ ਪ੍ਰੇਰਿਤ ਕਰ ਰਹੀ ਹੈ। ਹਰ ਪਿੰਡ ਤੱਕ ਪਹੁੰਚ ਰੱਖਣ ਵਾਲੀ ਇਹ ਸਕੀਮ ਰੁਜ਼ਗਾਰ ਅਤੇ ਆਤਮ-ਨਿਰਭਰਤਾ ਪੈਦਾ ਕਰਨ ਵਿੱਚ ਫ਼ੈਸਲਾਕੁੰਨ ਭੂਮਿਕਾ ਅਦਾ ਕਰ ਰਹੀ ਹੈ।

ਇਸ ਵਿਸ਼ਾਲ ਵੰਡ ਵਿੱਚ ਦੇਸ਼ ਦੇ ਸਾਰੇ ਛੇ ਖੇਤਰੀ ਜ਼ੋਨਾਂ ਦੀ ਸਰਗਰਮ ਭਾਗੀਦਾਰੀ ਰਹੀ। ਉੱਤਰ ਜ਼ੋਨ (ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਰਾਜਸਥਾਨ, ਚੰਡੀਗੜ੍ਹ) ਦੇ 2713 ਪ੍ਰੋਜੈਕਟਾਂ ਲਈ ?61 ਕਰੋੜ ਦੀ ਸਬਸਿਡੀ ਅਤੇ ?184 ਕਰੋੜ ਦਾ ਕਰਜ਼ਾ ਮਨਜ਼ੂਰ ਕੀਤਾ ਗਿਆ। ਪੂਰਬੀ ਜ਼ੋਨ (ਬਿਹਾਰ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਅੰਡਮਾਨ ਨਿਕੋਬਾਰ) ਦੇ 996 ਪ੍ਰੋਜੈਕਟਾਂ ਲਈ ?22 ਕਰੋੜ ਦੀ ਸਬਸਿਡੀ ਅਤੇ ?71 ਕਰੋੜ ਦਾ ਕਰਜ਼ਾ ਦਿੱਤਾ ਗਿਆ। ਉੱਤਰ ਪੂਰਬੀ ਖੇਤਰ (ਅਸਾਮ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਸਿੱਕਮ, ਤ੍ਰਿਪੁਰਾ) ਦੇ 81 ਪ੍ਰੋਜੈਕਟਾਂ ਨੂੰ ?2 ਕਰੋੜ ਦੀ ਸਬਸਿਡੀ ਮਿਲੀ। ਦੱਖਣੀ ਜ਼ੋਨ (ਆ???ਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਤਾਮਿਲਨਾਡੂ, ਕੇਰਲ, ਪੁਡੂਚੇਰੀ) ਦੇ 4565 ਪ੍ਰੋਜੈਕਟਾਂ ਲਈ ?116 ਕਰੋੜ ਦੀ ਸਬਸਿਡੀ ਅਤੇ ?343 ਕਰੋੜ ਦਾ ਕਰਜ਼ਾ ਮਨਜ਼ੂਰ ਹੋਇਆ। ਜਦਕਿ ਪੱਛਮੀ ਜ਼ੋਨ (ਮਹਾਰਾਸ਼ਟਰ, ਗੁਜਰਾਤ, ਗੋਆ) ਦੇ 722 ਪ੍ਰੋਜੈਕਟਾਂ ਲਈ ?26 ਕਰੋੜ ਦੀ ਸਬਸਿਡੀ ਅਤੇ ?82 ਕਰੋੜ ਦਾ ਕਰਜ਼ਾ ਦਿੱਤਾ ਗਿਆ।

PMEGP ਦੀ ਸ਼ੁਰੂਆਤ ਤੋਂ ਲੈ ਕੇ 2024-25 ਤੱਕ, ਇਸ ਯੋਜਨਾ ਤਹਿਤ ?10,000 ਕਰੋੜ ਰੁਪਏ ਦੀ ਮਾਰਜਿਨ ਮਨੀ ਸਬਸਿਡੀ ਜਾਰੀ ਕਰਕੇ 10,18,185 ਸੂਖਮ ਉਦਯੋਗ ਸਥਾਪਿਤ ਕੀਤੇ ਗਏ ਹਨ। ਭਾਰਤ ਸਰਕਾਰ ਵੱਲੋਂ ?73,348 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕੀਤਾ ਗਿਆ ਹੈ ਅਤੇ ਲਾਭਪਾਤਰੀਆਂ ਨੂੰ ?27,166 ਕਰੋੜ ਦੀ ਮਾਰਜਿਨ ਮਨੀ ਸਬਸਿਡੀ ਦਿੱਤੀ ਗਈ। ਹੁਣ ਤੱਕ 90,04,541 ਤੋਂ ਵੱਧ ਲੋਕਾਂ ਨੇ ਇਸ ਸਕੀਮ ਰਾਹੀਂ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਰੁਜ਼ਗਾਰ ਪ੍ਰਾਪਤ ਕੀਤਾ ਹੈ, ਜਿਸ ਨਾਲ ਇਹ ਦੇਸ਼ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਪ੍ਰਭਾਵਸ਼ਾਲੀ ਸਵੈ-ਰੋਜ਼ਗਾਰ ਯੋਜਨਾਵਾਂ ਵਿੱਚੋਂ ਇੱਕ ਬਣ ਚੁੱਕੀ ਹੈ। PMEGP, ਆਤਮ ਨਿਰਭਰ ਭਾਰਤ ਦੇ ਟੀਚੇ ਨੂੰ ਜ਼ਮੀਨੀ ਪੱਧਰ 'ਤੇ ਹਾਸਲ ਕਰਨ ਵਾਲੀ ਯੋਜਨਾ ਹੈ।

# ਪ੍ਰਿੰਸੀਪਲ ਕੰਟਰੋਲਰ ਆਫ਼ ਡਿਫੈਂਸ ਅਕਾਊਂਟਸ (ਆਰਮੀ), ਚੰਡੀਗੜ੍ਹ ਵੱਲੋਂ ਵਿਸ਼ਵ ਖ਼ੂਨਦਾਨ ਦਿਵਸ 2025 'ਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ

**ਚੰਡੀਗੜ੍ਹ**

ਵਿਸ਼ਵ ਖ਼ੂਨਦਾਨ ਦਿਵਸ 2025 ਨੂੰ ਮਨਾਉਣ ਲਈ, ਪ੍ਰਿੰਸੀਪਲ ਕੰਟਰੋਲਰ ਆਫ਼ ਡਿਫੈਂਸ ਅਕਾਊਂਟਸ (ਆਰਮੀ), ਚੰਡੀਗੜ੍ਹ ਦੇ ਦਫ਼ਤਰ ਦੇ ਪਰਿਸਰ ਵਿੱਚ ਇੱਕ ਸਵੈ-ਇੱਛਤ ਖ਼ੂਨਦਾਨ ਕੈਂਪ ਸਫ਼ਲਤਾਪੂਰਵਕ ਲਗਾਇਆ ਗਿਆ। ਇਸ ਨੇਕ ਕਾਰਜ ਲਈ ਪੀਜੀਆਈ ਚੰਡੀਗੜ੍ਹ ਦੇ ਟ?ਰਾਂਸਫਿਊਜ਼ਨ ਮੈਡੀਸਨ ਵਿਭਾਗ ਦੇ ਮਾਹਿਰ ਡਾਕਟਰਾਂ ਦੀ ਇੱਕ ਟੀਮ ਨੂੰ ਸੱਦਾ ਦਿੱਤਾ ਗਿਆ ਸੀ। ਇਸ ਮੌਕੇ ਦਫ਼ਤਰ ਦੇ ਅਧਿਕਾਰੀਆਂ ਅਤੇ ਸਟਾਫ਼ ਵੱਲੋਂ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਕੈਂਪ ਵਿੱਚ ਹਿੱਸਾ ਲੈਣ ਵਾਲੇ ਕਰਮਚਾਰੀਆਂ ਦੀ ਮਾਹਿਰ



ਡਾਕਟਰਾਂ ਦੁਆਰਾ ਪਹਿਲਾਂ ਜਾਂਚ ਕੀਤੀ ਗਈ, ਜਿਸ ਤੋਂ ਬਾਅਦ ਯੋਗ ਦਾਨੀਆਂ ਵੱਲੋਂ ਸਵੈ-ਇੱਛਾ ਨਾਲ ਖ਼ੂਨਦਾਨ ਕੀਤਾ ਗਿਆ। ਖ਼ੂਨਦਾਨ ਕੈਂਪ ਵਿੱਚ ਕੁੱਲ 50 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ, ਜੋ ਲੋੜਵੰਦ ਮਰੀਜ਼ਾਂ ਦਾ ਜੀਵਨ ਬਚਾਉਣ ਵਿੱਚ ਸਹਾਇਕ ਹੋਵੇਗਾ। ਇਹ ਸਮਾਗਮ ਨਾ ਸਿਰਫ਼ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਦਰਸਾਉਂਦਾ ਹੈ ਸਗੋਂ ਭਵਿੱਖ ਵਿੱਚ ਹੋਰ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਵੀ ਕਰੇਗਾ।

# ਵਧੀਕ ਕਮਿਸ਼ਨਰ ਵਲੋਂ ਸ਼ਹਿਰ ਦੀਆਂ ਮੇਨ ਸੜਕਾਂ ਦਾ ਕੀਤਾ ਗਿਆ ਦੌਰਾ, ਨਿਗਮ ਦੀਆਂ ਟੀਮਾਂ ਵਲੋਂ ਰੱਖ-ਰਖਾਵ ਅਤੇ ਮੈਨਟੇਂਨਸ ਦੇ ਕੀਤੇ ਜਾ ਰਹੇ ਕੰਮਾ ਦਾ ਲਿਆ ਗਿਆ ਜਾਇਜਾ

**ਅੰਮ੍ਰਿਤਸਰ**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾ ਤੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵਲੋਂ ਸ਼ਹਿਰ ਦੀਆਂ ਮੁੱਖ ਸੜਕਾਂ ਦਾ ਦੌਰਾ ਕੀਤਾ ਗਿਆ ਅਤੇ ਨਿਗਮ ਦੀਆਂ ਵੱਖ-ਵੱਖ ਟੀਮਾਂ ਵਲੋਂ ਸੜਕਾ ਦੇ ਰੱਖ-ਰਖਾਵ ਅਤੇ ਕੀਤੇ ਜਾ ਰਹੇ ਮੈਨੇਟੇਨਸ ਦੇ ਕੰਮਾ ਦਾ ਜਾਇਜਾ ਲਿਆ ਗਿਆ ।

ਪਿਛਲੇ ਦਿਨੀਂ ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਵਲੋਂ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ-ਰਖਾਵ ਅਤੇ ਮੈਨਟੇਨਸ ਕਰਨ ਲਈ ਸਿਵਲ / ਬਾਗਬਾਨੀ / ਸਟਰੀਟ ਲਾਈਟ ਦੇ ਕੰਮਾ ਨੂੰ ਕਰਨ ਲਈ ਕਰਮਚਾਰੀਆਂ ਦੀਆ 3 ਟੀਮਾਂ ਬਣਾਈਆਂ ਗਈਆਂ ਸਨ ਜਿਨਾਂ ਦੀ ਮੁੱਖ ਸੜਕਾਂ ਤੇ ਸਾਫ ਸਫਾਈ / ਪੈਚ ਵਰਕ /ਬਾਗਬਾਨੀ ਵਰਕ / ਸਟਰੀਟ ਲਾਈਟ / ਵਰਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਡਿਊਟੀ ਲਗਾਈ ਗਈ ਸੀ ਇਸ ਕੰਮ ਲਈ ਇਨਾਂ ਟੀਮਾ ਨੂੰ ਬਕਾਇਦਾ 3 ਟ?ਰੈਕਟਰ ਟਰਾਲੀਆ ਅਤੇ 1ਜੈ.ਸੀ.ਬੀ ਮਸ਼ੀਨ ਮੁਹਈਆ ਕਰਵਾਈ ਗਈ ਹੈ ਜੋ ਕਿ ਰੋਸਟਰ ਅਨੁਸਾਰ ਪੱਕੇ ਤੋਰ ਤੇ ਕੰਮ ਕਰਨਗੇ ।ਅੱਜ ਇਸ ਕੰਮ ਦਾ ਜਾਇਜਾ ਲੈਣ ਲਈ ਵਧੀਕ ਕਮਿਸ਼ਨਰ ਵਲੋਂ ਅਲਫਾ ਵਨ ਮਾਲ ਤੋ ਗੋਲਡਨ ਗੇਟ , ਪੁਤਲੀ ਘਰ ਤੋ ਛੇਹਰਟਾ ਅਤੇ ਰਤਨ ਸਿੰਘ ਚੌਂਕ ਤੋ ਫਤਿਹਗੜ ਚੁੜੀਆ ਰੋਡ ਦਾ ਨਿਰੀਖਣ ਕੀਤਾ ਗਿਆ ਅਤੇ ਮੌਕੇ ਤੇ ਮੌਜੂਦ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਮੁਚੇ ਕੰਮ ਸਹੀ ਅਤੇ ਸੁਚਜੇ ਢੰਗ ਨਾਲ ਕਰਨ ਦੀਆਂ ਹਦਾਇਤਾ ਦਿਤੀਆਂ ਗਈਆ । ਉਹਨਾਂ ਵਲੋਂ ਇਹ ਵੀ ਹਦਾਇਤ ਕੀਤੀ ਗਈ ਕਿ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰਖਦੇ ਹੋਏ ਰੋਡ ਚੈਂਬਰ ਸਾਫ ਕੀਤੇ ਜਾਣ ਅਤੇ ਡੀਸਿਲਟਿੰਗ ਕੀਤੀ ਜਾਵੇ । ਸੜਕਾਂ ਤੇ ਪੈਚ ਵਰਕ ਮੁਕੰਮਲ ਕੀਤੇ ਜਾਣ, ਫੁਟਪਾਥ ਰਿਪੇਅਰ ਕੀਤੇ ਜਾਣ , ਸੈਂਟਰਲ ਵਰਜ ਅਤੇ ਸੜਕਾ ਦੇ ਕਿਨਾਰਿਆਂ ਤੋ ਘਾਹ ਬੂਟੀ ਦੀ ਸਫਾਈ ਕੀਤੀ ਜਾਵੇ ਅਤੇ ਮੁੱਖ ਸੜਕਾਂ ਤੇ ਸਟਰੀਟ ਲਾਈਟ ਦੇ ਪੁਆਇੰਟ ਚਾਲੂ ਹਾਲਤ ਵਿੱਚ ਰਖੇ ਜਾਣ ।ਅਜ ਦੇ ਇਸ ਦੌਰੇ ਦੌਰਾਨ ਨਿਗਰਾਨ ਇੰਜੀਨਿਅਰ ਸੰਦੀਪ ਸਿੰਘ , ਕਾਰਜਕਾਰੀ ਇੰਜੀਨਿਅਰ ਸਵਰਾਜ ਇੰਦਰ ਪਾਲ ਸਿੰਘ ਅਤੇ ਹੋਰ ਅਧਿਕਾਰੀ ਕਰਮਚਾਰੀ ਸ਼ਾਮਲ ਸਨ ।




# ਮਨਰੇਗਾ ਯੂਨੀਅਨ ਦੇ ਪਿੰਡ ਜਗਤਪੁਰ ਦੇ ਪ੍ਰਧਾਨ ਸਰਬਜੀਤ ਕੋਰ ਤੇ ਬਘੋਰਾ ਤੋ ਬਣੇ ਬਲਬਿਰ ਕੁਮਾਰ

**ਬੰਗਾ /ਜਗਦੀਸ਼ ਲਾਲ ਕਲਸੀ**

ਮਗਨਰੇਗਾ ਵਰਕਰਜ ਯੂਨੀਅਨ ਪੰਜਾਬ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਅਤੇ ਬਘੌਰਾ ਦੀਆਂ ਇਕਾਈਆਂ ਦੀ ਚੋਣ ਕਰਵਾਈ ਗਈ ✦ਇਹ ਚੋਣ ਸੂਬਾਈ ਆਗੂ ਸ੍ਰੀ ਦੀਪਕ ਠਾਕੁਰ ਅਤੇ ਜਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਦੀ ਅਗਵਾਈ ਵਿੱਚ ਕੀਤੀ ਗਈ ✦ ਸਰਬਸੰਮਤੀ ਨਾਲ ਕੀਤੀ ਗਈ ਚੋਣ ਦੇ ਵੇਰਵੇ ਇਸ ਪ੍ਰਕਾਰ ਹਨ✦ ਪਿੰਡ ਜਗਤਪੁਰ ਦੀ ਇਕਾਈ ਦੇ ਪ੍ਰਧਾਨ ਸ੍ਰੀਮਤੀ ਸਰਬਜੀਤ ਕੌਰ, ਸਕੱਤਰ ਮਨਪ੍ਰੀਤ ਸਿੰਘ ਮਨੀ, ਸਹਾਇਕ ਸਕੱਤਰ ਸ੍ਰੀਮਤੀ ਸਿਮਰੋ, ਮੀਤ ਪ੍ਰਧਾਨ ਸ੍ਰੀ ਮਨਜੀਤ ਸਿੰਘ, ਵਿੱਤ ਸਕੱਤਰ ਸ੍ਰੀਮਤੀ ਸੀਮਾ,ਕਾਰਜਕਾਰੀ ਮੈਂਬਰ ਜੋਗਾ ਰਾਮ, ਲੱਛਮੀ, ਸੋਹਣ ਲਾਲ ਚੁਣੇ ਗਏ ✦ਪਿੰਡ ਬਘੌਰਾ ਇਕਾਈ ਦੇ ਪ੍ਰਧਾਨ ਸ੍ਰੀ ਬਲਵੀਰ ਰਾਮ, ਸਕੱਤਰ ਸ੍ਰੀਮਤੀ ਰੇਖਾ ਰਾਣੀ, ਮੀਤ ਪ੍ਰਧਾਨ ਨਰੇਸ਼ ਕੁਮਾਰ, ਮੀਤ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ, ਵਿੱਤ ਸਕੱਤਰ ਸ੍ਰੀ ਕੇਵਲ ਕ੍ਰਿਸ਼ਨ,ਕਾਰਜਕਾਰੀ ਮੈਂਬਰ ਸ੍ਰੀ ਬੂਟਾ ਰਾਮ, ਸ੍ਰੀਮਤੀ ਵਰਿੰਦਰ ਕੌਰ, ਸ੍ਰੀ ਉਦੋ ਰਾਮ, ਸ੍ਰੀ ਹਰਮੇਸ਼ ਲਾਲ ਚੁਣੇ ਗਏ ✦ਇਸ ਮੌਕੇ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਦੀ ਦਿਹਾੜੀ ਵਿੱਚ ਵਾਧਾ ਕਰਕੇ 700 ਰੁਪਏ ਕੀਤਾ ਜਾਵੇ ✦ਕੰਮ ਸਾਰਾ ਸਾਲ ਮੁਹੱਈਆ ਕਰਵਾਇਆ ਜਾਵੇ ✦ਫਰੀ ਮੈਡੀਕਲ ਸਹੂਲਤਾਂ ਦਿੱਤੀਆਂ ਜਾਣ✦ਵਰਕਰਾਂ ਦਾ ਬੀਮਾ ਕਰਵਾਇਆ ਜਾਵੇ ✦ਕੋਅਪਰੇਟਿਵ ਸੋਸਾਇਟੀਆਂ ਵਲੋਂ ਮਜ਼ਦੂਰਾਂ ਨੂੰ ਨੋਟਿਸ ਭੇਜਣੇ ਬੰਦ ਕੀਤੇ ਜਾਣ ✦ਮਗਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾਵੇ✦ਮੰਗਾਂ ਦਾ ਹੱਲ ਨਾ ਹੋਣ ਤੇ ਸਰਕਾਰ ਵਿਰੁੱਧ ਸੰਘਰਸ਼ ਕੀਤਾ ਜਾਵੇਗਾ✦



# ਪੰਜਾਬੀ ਸਾਹਿਤ ਸਭਾ ਬੈਡਫੋਰਡ (ਯੂਕੇ) ਵੱਲੋਂ 21 ਜੂਨ ਨੂੰ ਕਰਵਾਈ ਜਾਵੇਗੀ ਸੰਗੀਤਕ ਮਹਿਫਿਲ, ਗਾਇਕ ਧਰਮਿੰਦਰ ਮਸਾਣੀ ਪੇਸ਼ ਕਰਨਗੇ ਆਪਣੇ ਕਲਾਮ

**ਬੰਗਾ /ਜਗਦੀਸ਼ ਲਾਲ ਕਲਸੀ**

ਪੰਜਾਬੀ ਸਾਹਿਤ ਸਭਾ ਬੈਡਫੋਰਡ ਯੂਕੇ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਹਰਦੀਪ ਸਿੰਘ (ਸੋਢੀ ਮੰਡੇਰ) ਵੱਲੋਂ ਦੱਸਿਆ ਗਿਆ ਕੇ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਪੰਜਾਬੀ ਦਾ ਪ੍ਰਚਾਰ ਕਰਨ ਦੇ ਲਈ ਇੱਕ ਸੰਗੀਤਕ ਮਹਿਫਲ ਮਿਤੀ 21 ਜੂਨ ਸ਼ਾਮ 6 ਵਜੇ ਤੋਂ 10 ਵਜੇ ਤੱਕ ਕਰਵਾਈ ਜਾ ਰਹੀ ਹੈ ਇਸ ਵਿੱਚ ਪੰਜਾਬ ਤੋਂ ਆਏ ਲੋਕ ਗਾਇਕ ਧਰਮਿੰਦਰ ਮਸਾਣੀ ਆਪਣੇ ਕਲਾਮ ਪੇਸ਼ ਕਰਨਗੇ, ਪ੍ਰੋਗਰਾਮ ਵਿੱਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਤੋਂ ਦਰਸ਼ਕ ਹਾਜ਼ਰੀ ਭਰਨਗੇ, ਇਹ ਸੰਗੀਤਕ ਮਹਿਫਿਲ ਕੁਈਨਸ ਪਾਰਕ ਕਮਿਊਨਿਟੀ ਸੈਂਟਰ 52 ਮਾਰਲਬਰੋ ਰੋਡ ਬੈਡਫੋਰਡ MKD@ DLF ਵਿਖੇ ਕਰਾਈ ਜਾ ਰਹੀ ਹੈ, ਇਸ ਪ੍ਰੋਗਰਾਮ ਦੇ ਵਿੱਚ ਸਰੋਤਿਆਂ ਦੇ ਨਾਲ ਗੀਤਕਾਰ ਸੰਗੀਤਕਾਰ ਤੇ ਬਹੁਤ ਸਾਰੇ ਪਤਵੰਤੇ ਸੱਜਣ ਹਾਜਰੀ ਲਵਾਉਣਗੇ ! ਸੋਢੀ ਮੰਡੇਰ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਬੈਡਫੋਰਡ ਯੂਕੇ ਸਮੇਂ ਸਮੇਂ ਤੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਸਮਰਪਿਤ ਪ੍ਰੋਗਰਾਮ ਕਰਵਾਉਂਦੀ ਰਹੇਗੀ ਤਾਂ ਜੋ ਕਿ ਸਾਡੇ ਬੱਚੇ ਪੰਜਾਬੀ ਬੋਲੀ ਨਾਲ ਜੁੜੇ ਰਹਿਣ ਅਤੇ ਆਉਣ ਵਾਲੀ ਪੀੜੀ ਨੂੰ ਪੰਜਾਬੀ ਮਾਂ ਬੋਲੀ ਤੇ ਹਮੇਸ਼ਾ ਮਾਣ ਹੋਵੇ ਤੇ ਸਾਡੇ ਬੱਚਿਆਂ ਨੂੰ ਆਪਣੇ ਮਹਾਨ ਸੱਭਿਆਚਾਰ ਬਾਰੇ ਜਾਣਕਾਰੀ ਹੋਵੇ, ਪ੍ਰੋਗਰਾਮ ਬਾਰੇ ਦੱਸਦਿਆਂ ਸਭਾ ਵੱਲੋਂ ਹਰਦੀਪ ਸਿੰਘ (ਸੋਢੀ ਮੰਡੇਰ) ਰਮਨਦੀਪ ਕੌਰ, ਤਰਨਦੀਪ ਸਿੰਘ, ਨੀਸ਼ ਪਰਵਾਨਾ, ਪ੍ਰਿੰਸ ਸਿੰਘ, ਮੱਖਣ ਸਿੰਘ ਢਿੱਲੋ, ਅਤੇ ਬਲਜੀਤ ਸਿੰਘ ਹਾਜ਼ਰ ਸਨ!



# ਸਨੈਚਿੰਗ ਦੀਆਂ 03 ਵੱਖ ਵੱਖ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਕਾਬੂ

**ਮੋਹਾਲੀ**

ਸ੍ਰੀ ਹਰਮਨਦੀਪ ਹਾਂਸ, ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ ਨਗਰ ਵੱਲੋਂ ਸਮਾਜ ਵਿਰੋਧੀ ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸ੍ਰੀ ਮਨਪ੍ਰੀਤ ਸਿੰਘ, ਕਪਤਾਨ ਪੁਲਿਸ (ਦਿਹਾਤੀ), ਜ਼ਿਲ੍ਹਾ ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮੋਹਿਤ ਕੁਮਾਰ ਅਗਰਵਾਲ, ਕਪਤਾਨ ਪੁਲਿਸ, ਸਬ-ਡਵੀਜ਼ਨ ਮੁੱਲਾਂਪੁਰ, ਜ਼ਿਲ੍ਹਾ ਐਸ.ਏ.ਐਸ ਨਗਰ ਦੀ ਨਿਗਰਾਨੀ ਹੇਠ ਇੰਸਪੈਕਟਰ ਅਮਨਦੀਪ ਤ੍ਰਿਕਾ, ਮੁੱਖ ਅਫਸਰ ਥਾਣਾ ਮੁੱਲਾਂਪੁਰ ਗਰੀਬਦਾਸ ਦੀ ਅਗਵਾਈ ਵਿੱਚ ਥਾਣਾ ਮੁੱਲਾਂਪੁਰ ਗਰੀਬਦਾਸ ਦੀ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਸਨੈਚਿੰਗ ਦੀਆਂ 03 ਵੱਖ ਵੱਖ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ।

ਜਾਣਕਾਰੀ ਦਿੰਦਿਆਂ ਮੋਹਿਤ ਕੁਮਾਰ ਅਗਰਵਾਲ, ਕਪਤਾਨ ਪੁਲਿਸ, ਸਬ-ਡਵੀਜ਼ਨ ਮੁੱਲਾਂਪੁਰ, ਜ਼ਿਲ੍ਹਾ ਐਸ.ਏ.ਐਸ ਨਗਰ ਨੇ ਦੱਸਿਆ ਕਿ ਥਾਣਾ ਮੁੱਲਾਂਪੁਰ ਗਰੀਬਦਾਸ ਵਿਖੇ ਈਕੋ ਸਿਟੀ-2 ਵਿਖੇ ਮਿਤੀ 06-06-25 ਨੂੰ ਸੋਨੇ ਦੀ ਚੈਨ ਅਤੇ ਵਾਲੀਆਂ ਦੀ ਖੋਹ ਕਰਨ ਸਬੰਧੀ ਮੁਕੱਦਮਾ ਨੰਬਰ 100 ਮਿਤੀ 11- 06-25 ਅ/ਧ 304(2), 3(5) ਬੀ.ਐਨ.ਐਸ ਦਰਜ ਰਜਿਸਟਰ ਹੋਇਆ ਸੀ, ਜਿਸ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ ਖੋਹ ਕਰਨ ਵਾਲੇ ਮੋਹਨ ਗਿਰੀ ਪੁੱਤਰ ਜਗਦੀਸ਼ ਗਿਰੀ, ਵਿੱਕੀ ਗਿਰੀ ਪੁੱਤਰ ਜਗਦੀਸ਼ ਗਿਰੀ ਵਾਸੀਅਨ ਪਿੰਡ ਸੁਲਤਾਨਪੁਰ, ਥਾਣਾ ਭੰਬੋਰਾ, ਜ਼ਿਲ੍ਹਾ ਬਰੇਲੀ, ਉੱਤਰ ਪ੍ਰਦੇਸ ਹਾਲ ਵਾਸੀ ਕਿਰਾਏਦਾਰ ਪਿੰਡ ਪੱਲਣਪੁਰ, ਥਾਣਾ ਮੁੱਲਾਂਪੁਰ ਗਰੀਰਬਦਾਸ, ਜ਼ਿਲ੍ਹਾ ਐਸ.ਏ.ਐਸ ਨਗਰ ਨੂੰ ਮਿਤੀ 11-06-25 ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਵੱਲੋਂ ਮਿਤੀ 11-06-25 ਦੀ ਸਵੇਰ ਆਲਟਸ ਸੋਸਾਇਟੀ ਵਿੱਚ ਚੈਨੀ ਖੋਹਣ ਦੀ ਵਾਰਦਾਤ ਨੂੰ ਵੀ ਅੰਜਾਮ ਦਿੱਤਾ ਗਿਆ ਸੀ, ਜਿਸ ਸਬੰਧੀ ਥਾਣਾ ਮੁੱਲਾਂਪੁਰ ਗਰੀਬਦਾਸ ਵਿਖੇ ਮੁਕੱਦਮਾ ਨੰਬਰ 101 ਮਿਤੀ 12- 06-25 ਅ/ਧ 304(2), 3(5) ਬੀ.ਐਨ.ਐਸ ਦਰਜ ਰਜਿਸਟਰ ਹੋਇਆ ਸੀ ਜਿਸ ਵਿੱਚ ਵੀ ਦੋਵੇਂ ਦੋਸ਼ੀਆਂ ਨੂੰ ਮਿਤੀ 16-06-25 ਨੂੰ ਗ੍ਰਿਫਤਾਰ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਸੀ। ਇਸ ਮੁਕੱਦਮਾ ਵਿੱਚ ਸਨੈਚਿੰਗ ਦੀਆਂ ਵਾਰਦਾਤਾਂ ਵਿੱਚ ਵਰਤਿਆ ਗਿਆ ਚੋਰੀ ਦਾ ਮੋਟਰਸਾਈਕਲ ਅਤੇ ਇੱਕ ਚੋਰੀ ਦੀ ਸਕੂਟਰੀ ਵੀ ਬ੍ਰਾਮਦ ਕੀਤੀ ਗਈ ਹੈ। ਇਸ ਤੋਂ ਇਲਾਵਾ 02 ਹੋਰ ਦੋਸ਼ੀ ਮੁਕੱਦਮੇ ਵਿੱਚ ਨਾਮਜ਼ਦ ਕੀਤੇ ਗਏ ਹਨ। ਮੁਕੱਦਮੇ ਦੀ ਤਫਤੀਸ਼ ਜਾਰੀ ਹੈ।

ਇਸ ਤੋਂ ਇਲਾਵਾ ਮਿਤੀ 15-06-25 ਨੂੰ ਇੱਕ ਹੋਰ ਸਨੈਚਿੰਗ ਦੀ ਵਾਰਦਾਤ ਹੋਣ ਬਾਰੇ ਸੂਚਨਾ ਮਿਲੀ ਸੀ, ਜਿਸ ਤੇ ਮੁਕੱਦਮਾ ਨੰਬਰ 103 ਮਿਤੀ 15-06-25 ਅ/ਧ 304, 317(2), 3(5) ਬੀ.ਐਨ.ਐਸ ਦਰਜ ਰਜਿਸਟਰ ਕੀਤਾ ਗਿਆ ਅਤੇ ਉਕਤ ਸਨੈਚਿੰਗ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸੰਤੋਸ਼ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਦੀਨਾ ਕਾ ਪੁਰਵਾਰ ਥਾਣਾ ਰਾਣੀ ਗੰਜ ਜ਼ਿਲ੍ਹਾ ਪ੍ਰਤਾਪਗੜ੍ਹ, ਯੂ.ਪੀ ਹਾਲ ਵਾਸੀ ਕਿਰਾਏਦਾਰ ਸਾਹਮਣੇ ਸੀਤਲਾ ਮਾਤਾ ਮੰਦਰ ਅਤੇ ਲਲਿਤ ਕੁਮਾਰ ਪੁੱਤਰ ਬੈਜਨਾਥ ਵਾਸੀ ਕਮਤੋਲ ਥਾਣਾ/ਜ਼ਿਲ੍ਹਾ ਦਰਭੰਗਾ ਹਾਲ ਮਕਾਨ ਨੰਬਰ 02, ਡੱਡੂ ਮਾਜਰਾ ਹਾਲ ਕਿਰਾਏਦਾਰ ਸੇਵਾ ਸਿੰਘ ਉਰਫ ਰਿੰਕੂ ਪਿੰਡ ਮਸਤਗੜ੍ਹ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਸੰਤੋਸ਼ ਕੁਮਾਰ ਉਕਤ ਪਾਸੋਂ ਖੋਹ ਕੀਤੀਆਂ ਹੋਈਆਂ ਸੋਨੇ ਦੀਆਂ ਵਾਲੀਆਂ ਬ੍ਰਾਮਦ ਕੀਤੀ ਗਈਆਂ ਅਤੇ ਦੂਜੇ ਦੋਸ਼ੀ ਲਲਿਤ ਕੁਮਾਰ ਪਾਸੋਂ ਖੋਹ ਦੀ ਵਾਰਦਾਤ ਵਿੱਚ ਵਰਤਿਆ ਗਿਆ ਆਟੋ ਨੰਬਰੀ ਪੀ.ਬੀ 65-ਬੀ.ਐਚ-4452 ਵੀ ਬ੍ਰਾਮਦ ਕੀਤਾ ਗਿਆ ਹੈ। ਮੁਕੱਦਮੇ ਦੀ ਤਫਤੀਸ਼ ਜਾਰੀ ਹੈ।



# ਨਗਰ ਨਿਗਮ ਦੇ ਵਧੀਕ ਕਮਿਸ਼ਨਰ ਨੇ ਅੰਮ੍ਰਿਤਸਰ ਸ਼ਹਿਰ ਦੇ ਸਾਰੇ ਵਾਰਡਾਂ ਦੀ ਸ਼ਡਿਊਲ ਆਫ ਬਾਊਂਡਰੀ ਦੇ ਡਿਜੀਟਾਈਜ਼ੇਸ਼ਨ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ

**ਅੰਮ੍ਰਿਤਸਰ**

ਪੰਜਾਬ ਸਰਕਾਰ ਦੇ ਸਥਾਨਕ ਸੰਸਥਾ ਵਿਭਾਗ ਨੇ ਨਗਰ ਨਿਗਮ ਅੰਮ੍ਰਿਤਸਰ ਦੇ ਖੇਤਰ ਵਿੱਚ ਆਉਣ ਵਾਲੇ ਸਾਰੇ ਵਾਰਡਾਂ ਦੀ ਬਾਊਂਡਰੀ ਨੂੰ ਸਰਕਾਰ ਵੱਲੋਂ ਪ੍ਰਵਾਨਤ ਸ਼ਡਿਊਲ ਆਫ ਬਾਊਂਡਰੀ ਦੇ ਡਿਜੀਟਾਈਜ਼ੇਸ਼ਨ ਲਈ ਸਰਕਾਰ ਦੁਆਰਾ ਪ੍ਰਵਾਨਿਤ ਸੀਮਾ ਅਨੁਸੂਚੀ ਅਨੁਸਾਰ ਤਸਦੀਕ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਤਸਦੀਕ ਖਸਰਾ ਨੰਬਰਾਂ ’ਤੇ ਅਧਾਰਤ ਹੈ, ਇਸ ਲਈ ਮਾਲ ਵਿਭਾਗ ਅਤੇ ਨਗਰ ਨਿਗਮ, ਅੰਮ੍ਰਿਤਸਰ ਨੂੰ ਇਸ ਕੰਮ ਨੂੰ ਪੂਰਾ ਕਰਨ ਲਈ ਸਾਂਝੇ ਤੌਰ ’ਤੇ ਕੰਮ ਕਰਨਾ ਪਵੇਗਾ। ਇਸ ਕੰਮ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ,ਨਗਰ ਨਿਗਮ ਦੇ ਵਧੀਕ ਕਮਿਸ਼ਨਰ ਸੁਰੇਂਦਰ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ, ਜਿਸ ਵਿੱਚ ਅੰਮ੍ਰਿਤਸਰ ਸ਼ਹਿਰ ਦੇ ਮਾਲ ਵਿਭਾਗ ਦੇ ਪਟਵਾਰੀ, ਨਗਰ ਨਿਗਮ, ਅੰਮ੍ਰਿਤਸਰ ਦੇ ਸਹਾਇਕ ਕਮਿਸ਼ਨਰ ਰਜਿੰਦਰ ਸ਼ਰਮਾ, ਸੀਨੀਅਰ ਟਾਊਨ ਪਲੈਨਰ ਪਰਮਪਾਲ ਸਿੰਘ, ਸ਼ਹਿਰੀ ਯੋਜਨਾਕਾਰ ਮਨੀ ਸ਼ਰਮਾ, ਜੂਨੀਅਰ ਇੰਜੀਨੀਅਰ ਓ ਐਂਡ ਐਮ ਸੈੱਲ ਅਤੇ ਸਿਵਲ ਵਿਭਾਗ, ਜੀਆਈਐਸ ਸੈੱਲ ਨਵਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਸ਼ਸ਼ੀ ਕੁਮਾਰ ਆਦਿ ਨੇ ਹਿੱਸਾ ਲਿਆ। ਵਧੀਕ ਕਮਿਸ਼ਨਰ ਸੁਰੇਂਦਰ ਸਿੰਘ ਨੇ ਨਗਰ ਨਿਗਮ ਅੰਮ੍ਰਿਤਸਰ ਦੇ ਜੀਆਈਐਸ ਅਧਾਰਤ ਸੀਮਾ ਨਕਸ਼ੇ ਦੇ ਕੰਮ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਕੰਮ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ।



# ਸੀ.ਐਮ. ਦੀ ਯੋਗਸ਼ਾਲਾ ; 19 ਜੂਨ ਨੂੰ ਪੀ.ਏ.ਪੀ. ਵਿਖੇ ਰਾਜ ਪੱਧਰੀ ‘ਪੰਜਾਬ ਯੋਗ ਸਮਾਗਮ 2025’ ਦੀ ਮੇਜ਼ਬਾਨੀ ਕਰੇਗਾ ਜਲੰਧਰ



**ਜਲੰਧਰ/ ਬਾਠ**

‘ਸੀ.ਐਮ. ਦੀ ਯੋਗਸ਼ਾਲਾ’ ਪਹਿਲਕਦਮੀ ਤਹਿਤ 19 ਜੂਨ ਨੂੰ ਪੀ.ਏ.ਪੀ. ਕੰਪਲੈਕਸ ਵਿਖੇ ਹੋਣ ਵਾਲੇ ਰਾਜ ਪੱਧਰੀ ‘ਪੰਜਾਬ ਯੋਗ ਸਮਾਗਮ 2025’ ਦੀ ਮੇਜ਼ਬਾਨੀ ਲਈ ਜਲੰਧਰ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਅੱਜ ਸਵੇਰੇ 5 ਵਜੇ ਸਮਾਗਮ ਵਾਲੀ ਥਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਵਿਅਕਤੀਗਤ ਤੌਰ ’ਤੇ ਇਸ ਸ਼ਾਨਦਾਰ ਸਮਾਗਮ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ।

ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਮਾਣ ਪ੍ਰਗਟ ਕੀਤਾ ਹੈ ਕਿ ਪੰਜਾਬ ਸਰਕਾਰ ਵਲੋਂ ਜਲੰਧਰ ਨੂੰ ਇਸ ਵੱਕਾਰੀ ਰਾਜ ਪੱਧਰੀ ਸਮਾਰੋਹ ਦੀ ਮੇਜ਼ਬਾਨੀ ਲਈ ਚੁਣਿਆ ਗਿਆ ਹੈ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਲੰਟੀਅਰ ਭਾਗ ਲੈਣਗੇ ਅਤੇ ਰਾਜ ਭਰ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦਾ ਸੰਦੇਸ਼ ਦੇਣ ਲਈ ਮਾਹਰ ਟ?ਰੇਨਰਾਂ ਦੀ ਅਗਵਾਈ ਹੇਠ ਇਕੱਠੇ ਯੋਗਾ ਕਰਨਗੇ।

ਡਾ. ਅਗਰਵਾਲ ਨੇ ਕਿਹਾ ਕਿ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ-ਵੱਖ ਵਿਭਾਗਾਂ ਨੂੰ ਖਾਸ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

ਮੀਟਿੰਗ ਦੌਰਾਨ ਸਟੇਜ ਦੀ ਸਥਾਪਨਾ, ਢੁੱਕਵੀਂ ਪਾਰਕਿੰਗ, ਵਲੰਟੀਅਰ ਦੀ ਸੁਰੱਖਿਆ, ਪੀਣ ਵਾਲੇ ਪਾਣੀ ਦਾ ਇੰਤਜ਼ਾਮ, ਰਿਫਰੈਸ਼ਮੈਂਟ, ਸਾਈਨ ਬੋਰਡ, ਮੋਬਾਈਲ ਟਾਇਲਟ, ਟ?ਰੈਫਿਕ ਨਿਯਮ ਅਤੇ ਮੈਡੀਕਲ ਟੀਮਾਂ ਦੀ ਤਾਇਨਾਤੀ ਸਮੇਤ ਹੋਰ ਲੋੜੀਂਦੇ ਪ੍ਰਬੰਧਾਂ ’ਤੇ ਡੂੰਘਾਈ ਨਾਲ ਚਰਚਾ ਕੀਤੀ ਗਈ।

ਯੋਗ ਦੀ ਮਹੱਤਤਾ ’ਤੇ ਚਾਨਣਾ ਪਾਉਂਦਿਆਂ ਡਾ. ਅਗਰਵਾਲ ਨੇ ਕਿਹਾ ਕਿ ਰੋਜ਼ਾਨਾ ਅਭਿਆਸ ਕਰਨ ਨਾਲ ਯੋਗ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵਧਾਉਂਦਾ ਹੈ, ਸਰੀਰ ਨੂੰ ਆਰਾਮ ਦੇਣ ਵਿੱਚ ਮਦਦ ਕਰਦਾ ਹੈ ਅਤੇ ਤਣਾਅ ਘੱਟ ਕਰਦਾ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਨਿਵੇਕਲੀ ਪਹਿਲ ’ਸੀ.ਐਮ. ਦੀ ਯੋਗਸ਼ਾਲਾ’ ਇਸ ਮਹੀਨੇ ਸਫ਼ਲਤਾਪੂਰਵਕ ਦੋ ਸਾਲ ਪੂਰੇ ਕਰ ਰਹੀ ਹੈ। ਇਸ ਪ੍ਰੋਗਰਾਮ ਤਹਿਤ ਵੱਡੀ ਗਿਣਤੀ ਵਿੱਚ ਭਾਗੀਦਾਰ ਮਾਹਿਰ ਇੰਸਟ?ਰਕਟਰਾਂ ਤੋਂ ਯੋਗ ਸਿਖ਼ਲਾਈ ਪ੍ਰਾਪਤ ਕਰਦੇ ਹਨ। ਮੌਜੂਦਾ ਸਮੇਂ ਜ਼ਿਲ੍ਹੇ ਭਰ ਵਿੱਚ ਰੋਜ਼ਾਨਾ 155 ਯੋਗਾ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਰਾਹੀਂ 5,000 ਤੋਂ ਵੱਧ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ।

ਡਾ. ਅਗਰਵਾਲ ਨੇ ਅੱਗੇ ਕਿਹਾ ਕਿ ਯੋਗ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਂਦਾ ਹੈ, ਬਲਕਿ ਨੌਜਵਾਨਾਂ ਦੀ ਮਾਨਸਿਕ ਤਾਕਤ ਨੂੰ ਵਧਾ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

ਇਸ ਦੌਰਾਨ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਇਸ ਸ਼ਾਨਦਾਰ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਅਤੇ ਭਾਗੀਦਾਰਾਂ ਦੀ ਸਹੂਲਤ ਲਈ ਪੁਲਿਸ ਵੱਲੋਂ ਢੁੱਕਵੇਂ ਸੁਰੱਖਿਆ ਪ੍ਰਬੰਧ ਯਕੀਨੀ ਬਣਾਏ ਗਏ ਹਨ।

ਉਨ੍ਹਾਂ ਜਿੱਥੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ, ਉੱਥੇ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਨਿਰਵਿਘਨ ਆਵਾਜਾਈ ਲਈ ਸੁਚਾਰੂ ਢੰਗ ਨਾਲ ਟ?ਰੈਫਿਕ ਵਿਵਸਥਾ ਲਾਗੂ ਕੀਤੀ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਅਮਨਿੰਦਰ ਕੌਰ, ਜੁਆਇੰਟ ਪੁਲਿਸ ਕਮਿਸ਼ਨਰ ਸੰਦੀਪ ਸ਼ਰਮਾ, ਡੀ.ਸੀ.ਪੀ. ਨਰੇਸ਼ ਡੋਗਰਾ, ਕਮਾਂਡੈਂਟ ਪੀ.ਏ.ਪੀ. ਮਨਦੀਪ ਸਿੰਘ, ਏ.ਡੀ.ਸੀ.ਪੀ. ਟ?ਰੈਫਿਕ ਗੁਰਬਾਜ਼ ਸਿੰਘ, ਸਕੱਤਰ ਆਰ.ਟੀ.ਏ. ਬਲਬੀਰ ਰਾਜ, ਸਮੂਹ ਐਸ.ਡੀ.ਐਮਜ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਹਾਜ਼ਰ ਸਨ।

# ਬਾਬਾ ਬਾਲਕ ਨਾਥ ਮੰਦਰ ਦੇ ਨੇੜੇ ਲਗਾਈ ਗਈ ਠੰਡੇ ਮਿੱਠੇ ਜਲ ਦੀ ਛਬੀਲ

**ਬੰਗਾ/ਜਗਦੀਸ਼ ਲਾਲ ਕਲਸੀ**

ਸਥਾਨਕ ਗੜਸ਼ੰਕਰ ਰੋਡ ਤੇ ਬਾਬਾ ਬਾਲਕ ਨਾਥ ਮੰਦਰ ਸਿੱਧ ਨਾਲ ਜੁੜੇ ਸ਼ਰਧਾਲੂਆਂ ਵੱਲੋਂ ਰਾਹਗੀਰਾਂ ਨੂੰ ਗਰਮੀ ਗਰਮੀ ਤੇ ਮੌਸਮ ਵਿੱਚ ਰਾਹਤ ਦੇਣ ਲਈ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ। ਸ਼ਬੀਲ ਸ਼ੁਰੂ ਕਰਨ ਤੋਂ ਪਹਿਲਾਂ ਬਾਬਾ ਉੱਤਮ ਗਿਰੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਸੰਗਤ ਨੂੰ ਠੰਡਾ ਮੁੱਠਾ ਜਲ ਛਕਾਉਣ ਦੀ ਸ਼ੁਰੂਆਤ ਕਰਵਾਈ। ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਲਗਾਈ ਗਈ ਇਸ ਛਬੀਲ ਵਿੱਚ ਬਲਵੀਰ ਕੁਮਾਰ ਰਮਨ ਕੁਮਾਰ ਹਿਤੇਸ਼ ਕੁਮਾਰ ਵਿਸ਼ਨੂ ਕੁਮਾਰ ਦੀਪਾ ਸ਼ਾਂਤੀ ਅਰਮਾਨ ਹਰਜਿੰਦਰ ਬਲਜਿੰਦਰ ਪ੍ਰਦੀਪ ਕੁਮਾਰ ਅਤੇ ਜਗਦੀਸ਼ ਅਚਾਰੀ ਨੇ ਹਿੱਸਾ ਲਿਆ। ਇਸ ਮੌਕੇ ਤੇ ਸੰਗਤ ਵਿੱਚ ਕਾਲੇ ਚਨੇ ਦਾ ਪ੍ਰਸ਼ਾਦ ਵੀ ਵੰਡਿਆ ਕੀਤਾ ਗਿਆ।



# ਜ਼ਿਲਾ ਮੈਜਿਸਟਰੇਟ ਵੱਲੋਂ ਸਤਲੁਜ ਦਰਿਆ ਅਤੇ ਬਿਸਤ ਦੁਆਬ ਨਹਿਰ ’ਚ ਨਹਾਉਣ ਦੀ ਮਨਾਹੀ

**ਬੰਗਾ - ਜਗਦੀਸ਼ ਲਾਲ ਕਲਸੀ**

ਸ਼ਹੀਦ ਭਗਤ ਸਿੰਘ ਨਗਰ, 18 ਜੂਨ : ਜ਼ਿਲ੍ਹਾ ਮੈਜਿਸਟ?ਰੇਟ ਅੰਕੁਰਜੀਤ ਸਿੰਘ ਨੇ ਜ਼ਿਲ੍ਹੇ ਦੀ ਹਦੂਦ ਅੰਦਰ ਪੈਂਦੇ ਦਰਿਆ

**ਹੁਕਮਾਂ ਦੀ ਉਲੰਘਣਾ ‘ਤੇ ਪੁਲਿਸ ਕਰੇਗੀ ਕਾਨੂੰਨੀ ਕਾਰਵਾਈ**

ਸਤਲੁਜ ਅਤੇ ਬਿਸਤ ਦੁਆਬ ਨਹਿਰ ’ਚ ਨਹਾਉਣ ’ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਜ਼ਿਲ੍ਹਾ ਮੈਜਿਸਟ?ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਇਨ੍ਹਾਂ ਦੋਵਾਂ ਥਾਂਵਾਂ ’ਤੇ ਨਹਾਉਣ ‘ਤੇ ਪਾਬੰਦੀ ਲਾਈ ਹੈ। ਜਾਰੀ ਹੁਕਮਾਂ ਅਨੁਸਾਰ ਅਕਸਰ ਨਹਾਉਣ ਵਾਲਿਆਂ ਦੇ ਡੂੰਘੇ ਪਾਣੀ ’ਚ ਜਾਣ ਅਤੇ ਪਾਣੀ ਦੇ ਤੇਜ ਵਹਾਅ ਕਾਰਜ ਡੁੱਬਣ ਨਾਲ ਅਣਸੁਖਾਵੀਂਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜਿਸ ਦੇ ਮੱਦੇਨਜ਼ਰ ਇਨ੍ਹਾਂ ਥਾਵਾਂ ‘ਤੇ ਨਹਾਉਣ ‘ਤੇ ਪਾਬੰਦੀ ਲਾਈ ਗਈ ਹੈ।

ਜ਼ਿਲ੍ਹਾ ਮੈਜਿਸਟ?ਰੇਟ ਅਨੁਸਾਰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਲਈ ਦੋਵਾਂ ਥਾਵਾਂ ‘ਤੇ ਨਹਾਉਣ ‘ ਰੋਕ ਲਾਈ ਜਾਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਮੌਕੇ ’ਤੇ ਨਹਾਉਂਦਾ ਫੜਿਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਪੁਲਿਸ ਵੱਲੋਂ ਨਿਯਮਾਂ ਅਨੁਸਾਰ ਕੇਸ ਦਰਜ ਕੀਤਾ ਜਾ ਸਕਦਾ ਹੈ। ਇਹ ਹੁਕਮ 23 ਅਗਸਤ 2025 ਤੱਕ ਲਾਗੂ ਰਹਿਣਗੇ।

# ਸਾਉਣੀ ਸੀਜਨ ਦੀ ਮੱਕੀ ਸੰਬੰਧੀ ਕਿਸਾਨਾ ਨੂੰ ਪ੍ਰੇਰਿਤ ਕੀਤਾ ਗਿਆ

**ਨਡਾਲਾ /ਡਾਕਟਰ ਧਰਮਪਾਲ ਸ਼ਾਰਦਾ**




ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਪੰਜਾਬ ਸਰਕਾਰ ਦੁਆਰਾ ਸਾਉਣੀ ਸੀਜਨ ਦੀ ਮੱਕੀ ਲਈ ਇਕ ਪਾਇਲਟ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ, ਜਿਸ ਦੇ ਅਧੀਨ ਬਲਾਕ ਨਡਾਲਾ ਵਿੱਚ 250 ਹੈਕਟੇਅਰ ਦਾ ਟੀਚਾ ਦਿੱਤਾ ਗਿਆ ਹੈ। ਝੋਨੇ ਦੀ ਕਾਸ਼ਤ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋ- ਦਿਨ ਘੱਟਦਾ ਜਾ ਰਿਹਾ ਹੈ। ਇੱਕ ਕਿਲੋ ਝੋਨਾ ਪੈਦਾ ਕਰਨ ਲਈ 3000-4000 ਲੀਟਰ ਪਾਣੀ ਲੱਗਦਾ ਹੈ। ਸਾਉਣੀ ਸੀਜਨ ਦੀ ਮੱਕੀ ਝੋਨੇ ਦੀ ਫਸਲ ਦਾ ਇੱਕ ਢੁੱਕਵਾ ਬਦਲ ਹੈ। ਇੱਕ ਕਿਲੋ ਮੱਕੀ ਨੂੰ ਪੈਦਾ ਕਰਨ ਲਈ ਸਿਰਫ 800-1000 ਲੀਟਰ ਪਾਣੀ ਲਗਦਾ ਹੈ, ਜੋ ਕਿ ਝੋਨੇ ਦੀ ਫਸਲ ਤੋ ਤੀਜਾ ਹਿੱਸਾ ਹੈ। ਮੱਕੀ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋ 17,500 ਰੁਪਏ ਪ੍ਰਤੀ ਹੈਕਟੇਅਰ ਦੀ ਪ੍ਰੋਤਸਾਹਿਨ ਰਾਸ਼ੀ ਦਿੱਤੀ ਜਾ ਰਹੀ ਹੈ। ਉਪਰੋਕਤ ਵਿਚਾਰਾ ਦਾ ਪ੍ਰਗਟਾਵਾ ਵੱਖ-ਵੱਖ ਪਿੰਡਾ ਵਿੱਚ ਲਗਾਏ ਕਿਸਾਨ ਜਾਗਰੂਕਤਾ ਕੈਂਪਾਂ ਵਿੱਚ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਖੇਤੀਬਾੜੀ ਅਫਸਰ, ਨਡਾਲਾ ਡਾ: ਸਤਨਾਮ ਸਿੰਘ ਨੇ ਕੀਤਾ। ਉਹਨਾ ਨੇ ਦੱਸਿਆ ਕਿ ਸਾਉਣੀ ਦੀ ਮੱਕੀ ਝੋਨੇ ਦੇ ਮੁਕਾਬਲੇ ਪਾਣੀ ਘੱਟ ਲੈਂਦੀ ਹੈ, ਉਥੇ ਹੀ ਇਹ ਫਸਲ ਝੋਨੇ ਨਾਲੋ 20-25 ਦਿਨ ਪਹਿਲਾ ਪੱਕ ਜਾਦੀ ਹੈ। ਜਿਸ ਕਾਰਨ ਕਿਸਾਨ ਅਗੇਤੀ ਸਬਜੀਆ ਦੀ ਕਾਸ਼ਤ ਕਰ ਸਕਦੇ ਹਨ। ਉਪਰੋਕਤ ਕਿਸਾਨ ਜਾਗਰੂਕਤਾ ਕੈਂਪਾਂ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਨਡਾਲਾ ਦੇ ਗੁਰਜੋਤ ਸਿੰਘ, ਖੇਤੀਬਾੜੀ ਵਿਕਾਸ ਅਫਸਰ, ਮਨਅਰਸ਼ਰੂਪ ਕੋਰ, ਖੇਤੀਬਾੜੀ ਵਿਕਾਸ ਅਫਸਰ, ਸੁਰਜੀਤ ਸਿੰਘ, ਖੇਤੀਬਾੜੀ ਵਿਸਥਾਰ ਅਫਸਰ, ਮੁਨੀਮ ਕੁਮਾਰ, ਖੇਤੀਬਾੜੀ ਵਿਸਥਾਰ ਅਫਸਰ, ਰਮੇਸ਼ ਸਿੰਘ, ਖੇਤੀਬਾੜੀ ਉੱਪ ਨਿਰੀਖਕ, ਬਲਵਿੰਦਰ ਸਿੰਘ, ਬੀ.ਟੀ.ਐਮ, ਜਗਦੀਸ਼ ਸਿੰਘ, ਏ.ਟੀ.ਐਮ ਵੱਲੋ ਕਿਸਾਨਾ ਨੂੰ ਸਾਉਣੀ ਮੱਕੀ ਦੀ ਕਾਸ਼ਤ ਸੰਬੰਧੀ ਪ੍ਰੇਰਿਤ ਕਰਨ ਦੇ ਨਾਲ -ਨਾਲ ਬਲਾਕ ਦੇ ਚੁਣੇ ਗਏ ਕਿਸਾਨ ਮਿੱਤਰਾ ਰਾਹੀ ਸਾਉਣੀ ਮੱਕੀ

# ਫਿਰੋਜ਼ਪੁਰ ਕਾਲਜ ਆਫ ਇੰਜੀਨਿਰਿੰਗ ਐਂਡ ਟੈਕਨੋਲੋਜੀ ਚ ਬੀ.ਏ ਕੰਪਿਊਟਰ ਸਾਇੰਸ ਕੋਰਸ ਦੀ ਸ਼ੁਰੂਆਤ—ਦਾਖਲੇ ਸ਼ੁਰੂ

**ਫਿਰੋਜ਼ਪੁਰ**



ਮੋਗਾ ਰੋਡ ਤੇ ਸਥਿਤ ਫਿਰੋਜ਼ਸ਼ਾਹ ਵਿਖੇ ਫਿਰੋਜ਼ਪੁਰ ਕਾਲਜ ਆਫ ਇੰਜੀਨਿਰਿੰਗ ਐਂਡ ਟੈਕਨੋਲੋਜੀ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਕਾਲਜ ਕਮੇਟੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹੁਣ ਇੱਥੇ ਬੀ.ਏ ਕੰਪਿਊਟਰ ਸਾਇੰਸ ਕੋਰਸ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਅਤੇ ਦਾਖਲੇ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਚੁੱਕੀ ਹੈ। ਕਾਲਜ ਚੇਅਰਮੈਨ ਸ੍ਰੀ ਹੀਰਾ ਲਾਲ ਸ਼ਰਮਾ ਨੇ ਦੱਸਿਆ ਕਿ ਇਹ ਸਾਰੇ ਫਿਰੋਜ਼ਪੁਰ ਖੇਤਰ ਲਈ ਮਾਣ ਵਾਲੀ ਗੱਲ ਹੈ ਕਿ ਹੁਣ ਇਥੋਂ ਦੇ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਵਰਗੇ ਆਧੁਨਿਕ ਅਤੇ ਰੋਜ਼ਗਾਰ ਮੁਖੀ ਕੋਰਸ ਲਈ ਦੂਰ ਜਾਣ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਦੱਸਿਆ ਕਿ ਕਾਲਜ ਵਿੱਚ ਪਹਿਲਾਂ ਤੋਂ ਹੀ ਬੀ.ਸੀ.ਏ, ਬੀ.ਕਾਮ, ਬੀ.ਐਸ.ਸੀ, ਆਈ.ਟੀ, ਐਮ.ਕਾਮ, ਪੀ.ਜੀ.ਡੀ.ਸੀ.ਏ ਅਤੇ ਆਈ.ਟੀ.ਆਈ. ਤਹਿਤ ਇਲੈਕਟਰੀਸ਼ਨ, ਕੋਪਾ, ਵੈਲਡਰ, ਡੀਜ਼ਲ ਮਕੈਨਿਕ ਵਰਗੇ ਕੋਰਸ ਚੱਲ ਰਹੇ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਚੰਗੀ ਹਿੱਸੇਦਾਰੀ ਰਹੀ ਹੈ। ਕਾਲਜ ਕਮੇਟੀ ਦੇ ਸਕੱਤਰ ਸ਼ਿਵਮ ਸ਼ਰਮਾ ਨੇ ਦੱਸਿਆ ਕਿ ਬੀ.ਏ ਕੰਪਿਊਟਰ ਸਾਇੰਸ ਕੋਰਸ ਸ਼ਾਮਲ ਕਰਨ ਦਾ ਮਕਸਦ ਵਿਦਿਆਰਥੀਆਂ ਨੂੰ ਤਕਨੀਕੀ ਖੇਤਰ ਵਿੱਚ ਮਜ਼ਬੂਤ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਕੋਰਸ ਰਾਹੀਂ ਵਿਦਿਆਰਥੀ ਭਵਿੱਖ ਵਿੱਚ ਸਾਫਟਵੇਅਰ ਡਿਵੈਲਪਮੈਂਟ, ਡਾਟਾ ਐਨਾਲਿਸਿਸ, ਵੈੱਬ ਡਿਜ਼ਾਈਨਿੰਗ ਆਦਿ ਖੇਤਰਾਂ ਵਿੱਚ ਕੈਰੀਅਰ ਬਣਾ ਸਕਣਗੇ।

ਉਨ੍ਹਾਂ ਇਹ ਵੀ ਦੱਸਿਆ ਕਿ ਕਾਲਜ ਵਿੱਚ ਅਨੁਭਵੀ ਸਟਾਫ ਅਤੇ ਆਧੁਨਿਕ ਲੈਬ ਦੀ ਸੁਵਿਧਾ ਵੀ ਉਪਲਬਧ ਕਰਵਾਈ ਗਈ ਹੈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਮਿਲੇਗੀ। ਸ੍ਰੀ ਸ਼ਰਮਾ ਨੇ ਦੱਸਿਆ ਕਿ ਸਭ ਤੋਂ ਵੱਡੀ ਉਪਲਬਧੀ ਇਹ ਹੈ ਕਿ ਫਿਰੋਜ਼ਪੁਰ ਅਤੇ ਇਨ੍ਹਾਂ ਦੇ ਆਲੇ—ਦੁਆਲੇ ਦੇ ਖੇਤਰ ਵਿੱਚ ਬੀ.ਏ ਕੰਪਿਊਟਰ ਸਾਇੰਸ ਕੋਰਸ ਦੀ ਸੁਵਿਧਾ ਪਹਿਲਾਂ ਨਹੀਂ ਸੀ, ਜਿਸ ਨੂੰ ਹੁਣ ਉਨ੍ਹਾਂ ਦੇ ਸੰਸਥਾਨ ਨੇ ਉਪਲਬਧ ਕਰਵਾਕੇ ਸਿੱਖਿਆ ਜਗਤ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ।

# ਸ਼ਰਾਬ ਦੇ ਠੇਕੇ ਵਿਭਾਗ ਨੇ ਇਕ ਦਿਨ ਲਈ ਕੀਤੇ ਸੀਲ?






**ਨਡਾਲਾ /ਡਾਕਟਰ ਧਰਮਪਾਲ ਸ਼ਾਰਦਾ**

ਨਡਾਲਾ, ਬੇਗੋਵਾਲ, ਭੁਲੱਥ ਦੇ ਸਾਰੇ ਸ਼ਰਾਬ ਦੇ ਠੇਕੇ ਆਬਕਾਰੀ ਵਿਭਾਗ ਵੱਲੋਂ ਇਕ ਦਿਨ ਲਈ ਸੀਲ? ਕਰ ਦਿੱਤੇ ਗਏ। ਵਿਭਾਗ ਦਾ ਕਹਿਣਾ ਹੈ ਕਿ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਸ਼ਰਾਬ ਦੀ ਵਿਕਰੀ ਜਿਆਦਾ ਦਰਜ ਕੀਤੀ ਗਈ ਜਿਸ ਕਰਕੇ ਇਹ ਕਾਰਵਾਈ ਕੀਤੀ ਗਈ ਹੈ।ਜਾਣਕਾਰੀ ਦਿੰਦਿਆ? ਵਿਭਾਗ ਦੇ ਏਈਟੀਸੀ ਜਲੰਧਰ ਨਵਜੀਤ ਸਿੰਘ ਨੇ ਦੱਸਿਆ ਕਿ ਨਡਾਲਾ, ਬੇਗੋਵਾਲ ਤੇ ਭੁਲੱਥ ਸਰਕਲ ਚ ਸੂਫੀ ਗਰੁੱਪ ਦੇ ਠੇਕੇਦਾਰਾਂ ਵੱਲੋਂ ਸਰਾਬ ਦੀ ਵਿਕਰੀ ਕੀਤੀ ਜਾਂਦੀ ਹੈ ਜਿੰਨਾ ਵੱਲੋਂ ਸ਼ਰਾਬ ਦੀ ਵਿਕਰੀ ਜ਼ਿਆਦਾ ਕੀਤੀ ਗਈ ਜਿਸਦਾ ਰਿਕਾਰਡ ਐਕਸਾਈਜ਼ ਵਿਭਾਗ ਨਾਲ ਮੇਲ ਨਹੀ ਹੋਇਆ ,ਅਜਿਹਾ ਕਰਕੇ ਉਨਾ ਵੱਲੋਂ ਵਿਭਾਗ ਦੇ ਕਨੂੰਨਾਂ ਦੀ ਉਲੰਘਣਾ ਕੀਤੀ ਗਈ ਹੈ ਜਿਸ ਕਾਰਨ ਉੱਚ ਅਧਿਕਾਰੀਆਂ ਵੱਲੋਂ ਉਕਤ ਸਰਕਲ ਦੇ ਸ਼ਰਾਬ ਦੇ ਠੇਕਿਆਂ ਨੂੰ ਇਕ ਦਿਨ ਲਈ ਸੀਲ? ਕਰ ਦਿੱਤਾ ਗਿਆ ਹੈ ਇਸ ਸਬੰਧੀ ਬੇਗੋਵਾਲ ਸਰਕਲ ਦੇ ਇੰਚਾਰਜ਼ ਬਿਕਰਮਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨਾ ਦੱਸਿਆ ਕਿ ਇਹ ਕਾਰਵਾਈ ਕਿਉਂ ਕੀਤੀ ਹੈ ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀ ਹੈ

# ਕੁਲਾਰ ਪਬਲਿਕ ਸਕੂਲ ਖੰਨਾ ਕਿਸ਼ਨਗੜ੍ਹ ਨੇ ਪੰਜਾਬ ਸਟੇਟ ਫੈਂਸਿੰਗ ਚੈਂਪੀਅਨਸ਼ਿਪ ਵਿੱਚ ਮਾਰੀਆਂ ਮੱਲਾਂ

## ਫੈਂਸਿੰਗ ਵਰਗੀਆਂ ਖੇਡਾਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਜੋਸ਼ ਕਰਦੀਆਂ ਨੇ ਪੈਦਾ - ਡਾਕਟਰ ਕੁਲਾਰ

**ਖੰਨਾ/ਬੀਜਾਂ, ਲਾਲ ਸਿੰਘ ਮਾਂਗਟ**



ਖੰਨਾ ਖੇਤਰ ਲਈ ਇਹ ਇੱਕ ਇਤਿਹਾਸਕ ਪਲ ਹੈ ਕਿ ਕੁਲਾਰ ਪਬਲਿਕ ਸਕੂਲ ਖੰਨਾ ਕਿਸ਼ਨਗੜ੍ਹ (ਕੇ ਪੀ ਐੱਸ ਖੰਨਾ ) ਜੋ ਕਿ ਇਲਾਕੇ ਦਾ ਪਹਿਲਾ ਆਈ ਸੀ ਐੱਸ.ਈ.ਸਕੂਲ ਹੈ ਦੇ12 ਵਿਦਿਆਰਥੀਆਂ ਨੇ ਲੁਧਿਆਣਾ ਵਿਖੇ ਪੰਜਾਬ ਸਟੇਟ ਫੈਂਸਿੰਗ ਚੈਂਪਿਅਨਸ਼ਿਪ ਵਿੱਚ ਹਿੱਸਾ ਲਿਆ, ਜੋ ਕਿ ਪੰਜਾਬ ਫੈਂਸਿੰਗ ਅਸੋਸੀਏਸ਼ਨ* ਵੱਲੋਂ ਬੀਤੀ ਦਿਨੀ ਕਰਵਾਈ ਗਈ ਸੀ। ਜਿਸ ਵਿਚ ਗੁਰਨੀਤ ਕੌਰ (ਛੇਵੀਂ), ਜੈਇੰਦਰ ਕੌਰ ਸੇਖੋਂ (ਛੇਵੀਂ), ਕੰਵਰਜੀਤ ਸਿੰਘ ਸੇਖੋਂ (ਚੌਥੀ), ਹਰਨੂਰ ਕੌਰ (ਛੇਵੀਂ), ਹਰਜਾਪ ਕੌਰ (ਦੂਜੀ), ਮੌਲਿਕ ਸ਼ਰਮਾ (ਪੰਜਵੀਂ), ਜਸਲੀਨ ਕੌਰ (ਦੂਜੀ), ਰੁਦਰ ਪ੍ਰਤਾਪ ਟੰਡਨ (ਦੂਜੀ), ਸਿਮਰਦੀਪ ਕੌਰ (ਦੂਜੀ), ਬੀਰ ਪ੍ਰਤਾਪ ਅਲੂਨਾ (ਚੌਥੀ), ਖੁਸ਼ਲੀਨ ਕੌਰ (ਪੰਜਵੀਂ), ਅਤੇ ਗੁਰਕੀਰਤ ਸਿੰਘ (ਪੰਜਵੀਂ) ਨੇ ਹਿੱਸਾ ਲਿਆ। ਸਕੂਲ ਦੇ ਚਾਰ ਵਿਦਿਆਰਥੀ ਬੀਰ ਪ੍ਰਤਾਪ ਅਲੂਨਾ ਨੇ ਗੋਲਡ ਮੈਡਲ,ਜਸਲੀਨ ਕੌਰ ਨੇ ਸਿਲਵਰ ਮੈਡਲ ,ਜੈਇੰਦਰ ਕੌਰ ਸੇਖੋਂ ਨੇ ਤਾਂਬੇ ਦਾ ਮੈਡਲ,ਕੰਵਰਜੀਤ ਸਿੰਘ ਸੇਖੋਂ ਨੇ ਤਾਂਬੇ ਦਾ ਮੈਡਲ ਜਿੱਤਿਆ।ਇਹਨਾਂ ਚਾਰਾਂ ਤਮਗਾ ਜੇਤੂ ਵਿਦਿਆਰਥੀਆਂ ਨੇ ਨੇਸ਼ਨਲ ਫੈਂਸਿੰਗ ਚੈਂਪਿਅਨਸ਼ਿਪ ਲਈ ਵੀ ਕੁਆਲਿਫਾਈ ਕਰ ਲਿਆ ਹੈ। ਜੋ ਕਿ ਨਾ ਸਕੂਲ ਲਈ, ਸਗੋਂ ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ ਕੁਲਾਰ ਪਬਲਿਕ ਸਕੂਲ ਖੰਨਾ ਨਾ ਸਿਰਫ ਅੰਤਰਰਾਸ਼ਟਰੀ ਮਿਆਰ ਦੀ ਸਿੱਖਿਆ ਦਿੰਦਾ ਹੈ, ਸਗੋਂ ਖੇਡਾਂ ਅਤੇ ਸਹਿਯੋਗੀ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵੱਲ ਵੀ ਸਮਰਪਿਤ ਹੈ। ਇਸ ਮੌਕੇ ਪ੍ਰਿੰਸਿਪਲ ਮੈਡਮ ਰੇਵਾ ਟੰਡਨ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਕੋਚ ਮੈਡਮ ਮਨੀਸ਼ਾ ਧੰਕੜ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਲੰਮੀ ਮਿਹਨਤ ਅਤੇ ਘੱਟ ਸਮੇਂ ਵਿੱਚ ਦਿੱਤੀ ਟ?ਰੇਨਿੰਗ ਨਾਲ ਸਕੂਲ ਨੂੰ ਮਾਣ ਹਾਸਲ ਹੋਇਆ ਹੈ।ਚੇਅਰਮੈਨ ਪ੍ਰੋ. ਗੁਰਬਖਸ਼ ਸਿੰਘ ਬੀਜਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਤਮਗਾ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਸ਼ਾਬਾਸ਼ੀ ਦਿੱਤੀ। ਸਕੂਲ ਦੇ ਪ੍ਰਧਾਨ ਡਾਕਟਰ ਕੁਲਦੀਪਕ ਸਿੰਘ ਕੁਲਾਰ ਨੇ ਕਿਹਾ ਫੈਂਸਿੰਗ ਵਰਗੀਆਂ ਖੇਡਾਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਜੋਸ਼ ਪੈਦਾ ਕਰਦੀਆਂ ਹਨ।ਡਾਇਰੈਕਟਰ ਰੁਪਿੰਦਰ ਸਿੰਘ ਬੈਨੀਪਾਲ ਨੇ ਵੀ ਪੂਰੀ ਟੀਮ ਨੂੰ ਵਧਾਈ ਦਿੱਤੀ ਅਤੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀ ਭੂਮਿਕਾ ਦੀ ਸਰਾਹਨਾ ਕੀਤੀ।

# ਸੀ.ਐਮ. ਦੀ ਯੋਗਸ਼ਾਲਾ ; ਤਿਰੰਗੇ ਦੇ ਰੰਗ 'ਚ ਰੰਗਿਆ ਪੀ.ਏ.ਪੀ. ਗਰਾਊਂਡ

## ਅੱਜ ਸਵੇਰੇ 5 ਵਜੇ ਸ਼ੁਰੂ ਹੋਵੇਗਾ 'ਪੰਜਾਬ ਯੋਗ ਸਮਾਗਮ-2025'



**ਜਲੰਧਰ/ਬਾਠ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵਲੋਂ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਸ਼ੁਰੂ ਕੀਤੇ ਅਭਿਆਨ 'ਸੀ.ਐਮ.ਦੀ ਯੋਗਸ਼ਾਲਾ' ਤਹਿਤ ਸੂਬੇ ਭਰ ਵਿੱਚ ਲੋਕਾਂ ਨੂੰ ਜਿਥੇ ਯੋਗ ਦੇ ਲੜ ਲਾ ਕੇ ਸਿਹਤਮੰਦ ਜੀਵਨਸ਼ੈਲੀ ਅਪਨਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਉਥੇ ਜਲੰਧਰ ਵਿਖੇ 'ਸੀ.ਐਮ.ਦੀ ਯੋਗਸ਼ਾਲਾ' ਤਹਿਤ ਰਾਜ ਪੱਧਰੀ 'ਪੰਜਾਬ ਯੋਗ ਸਮਾਗਮ-2025' ਕਰਵਾਇਆ ਜਾ ਰਿਹਾ ਹੈ। ਇਹ ਮਹੱਤਵਪੂਰਨ ਸਮਾਗਮ 19 ਜੂਨ ਨੂੰ ਸਵੇਰੇ 5 ਵਜੇ ਸ਼ੁਰੂ ਹੋਵੇਗਾ। ਇਸ ਸਮਾਗਮ ਲਈ ਪੀ.ਏ.ਪੀ. ਗਰਾਊਂਡ ਨੂੰ ਤਿਰੰਗੇ ਦੇ ਰੰਗ ਵਿੱਚ ਰੰਗਿਆ ਗਿਆ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀ.ਐਮ.ਦੀ ਯੋਗਸ਼ਾਲਾ' ਤਹਿਤ ਰਾਜ ਪੱਧਰੀ 'ਪੰਜਾਬ ਯੋਗ ਸਮਾਗਮ-2025' ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਅਤੇ ਭਾਗੀਦਾਰਾਂ ਦੀ ਸਹੂਲਤ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਸਮਾਗਮ 19 ਜੂਨ ਨੂੰ ਸਵੇਰੇ 5 ਵਜੇ ਸ਼ੁਰੂ ਹੋਵੇਗਾ, ਜਿਸ ਲਈ ਪ੍ਰਬੰਧਾਂ ਪੱਖੋਂ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਪਤੰਜਲੀ ਯੋਗ ਸਮਿਤੀ ਵੱਲੋਂ ਭਾਰਤ ਵਿਕਾਸ ਪ੍ਰੀਸ਼ਦ ਦੇ ਸਹਿਯੋਗ ਨਾਲ ਚਾਰ ਰੋਜ਼ਾ ਯੋਗ ਕੈਂਪ ਸ਼ੁਰੂ

**ਜ਼ੀਰਾ**




ਯੋਗ ਮਹਾ ਦਿਵਸ ਮੌਕੇ ਪਤੰਜਲੀ ਯੋਗ ਸੰਮਤੀ ਜੀਰਾ ਵੱਲੋਂ ਚਾਰ ਰੋਜ਼ਾ ਯੋਗਾ ਕੈਂਪ ਭਾਰਤ ਵਿਕਾਸ ਪ੍ਰੀਸ਼ਦ ਬ੍ਰਾਂਚ ਜ਼ੀਰਾ ਦੇ ਸਹਿਯੋਗ ਨਾਲ ਗੁਰਦੀਪ ਸਿੰਘ ਕਾਨੂੰਗੋ ਦੀ ਅਗਵਾਈ ਹੇਠ ਮਿਤੀ 18 ਜੂਨ ਤੋਂ 21 ਜੂਨ ਤੱਕ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਭਾਰਤ ਵਿਕਾਸ ਪ੍ਰੀਸ਼ਦ ਬ੍ਰਾਂਚ ਜੀਰਾ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਅਤੇ ਸੰਸਥਾ ਦੇ ਸਟੇਟ ਵਾਈਸ ਪ੍ਰਧਾਨ ਸਤਿੰਦਰ ਸਚਦੇਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਤੰਜਲੀ ਯੋਗ ਸੰਮਤੀ ਜ਼ੀਰਾ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਸਾਂਝੇ ਯਤਨਾਂ ਸਦਕਾ ਯੋਗ ਮਿਤੀ 18 ਜੂਨ ਤੋਂ 21 ਜੂਨ ਤੱਕ ਸਵੇਰੇ 5 :15 ਵਜੇ ਤੋਂ 6 :15 ਵਜੇ ਤੱਕ ਸ੍ਰੀ ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ ਫਿਰੋਜਪੁਰ ਰੋਡ ਜ਼ੀਰਾ ਵਿਖੇ ਲਗਾਇਆ ਜਾ ਰਿਹਾ ਹੈ। ਸੁਖਦੇਵ ਬਿੱਟੂ ਵਿਜ ਨੇ ਕਿਹਾ ਕਿ ਯੋਗ ਗੁਰੂ ਗੁਰਦੀਪ ਸਿੰਘ ਕਾਨੂੰਗੋ ਜਿਹੜੇ ਕਿ ਪਿਛਲੇ ਲੰਬੇ ਸਮੇਂ ਤੋਂ ਹਰ ਸਾਲ ਇਹ ਕੈਂਪ ਲਗਾਉਂਦੇ ਆ ਰਹੇ ਹਨ। ਇਸ ਯੋਗ ਕੈਂਪ ਵਿੱਚ ਹਿੱਸਾ ਲੈਣ ਵਾਲੇ ਵਿਅਕਤੀ ਆਪਣਾ ਯੋਗ ਆਸਣ ਨਾਲ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਨਿਰੋਗੀ ਕਾਇਆਂ ਰੱਖਣ ਲਈ ਯੋਗ ਸਮਿਤੀ ਦੇ ਯੋਗ ਗੁਰੂ ਕਾਨੂੰਗੋ ਗੁਰਦੀਪ ਸਿੰਘ ਤੰਦਰੁਸਤ ਰਹਿਣ ਦੇ ਯੋਗ ਟਿਪਸ ਦੇਣਗੇ ਅਤੇ ਯੋਗ ਕਿਰਿਆਵਾਂ ਰਾਹੀਂ ਰੋਗ ਮੁਕਤ ਕਰਨਗੇ। ਇਸ ਮੌਕੇ ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ, ਭਾਰਤ ਵਿਕਾਸ ਪ੍ਰੀਸ਼ਦ ਜ਼ੀਰਾ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜ਼ੀਰਾ, ਚੇਅਰਮੈਨ ਮਹਿੰਦਰਪਾਲ, ਪਤੰਜਲੀ ਯੋਗ ਸਮਿਤੀ ਜੀਰਾ ਦੇ ਮੈਬਰ ਤੇ ਯੋਗ ਗੁਰੂ ਕਾਨੂੰਗੋ ਗੁਰਦੀਪ ਸਿੰਘ, ਸੁਰਿੰਦਰ ਕਪੂਰ ਆਦਿ ਹਾਜ਼ਰ ਸਨ!

# ਨਾਂਦੇੜ ਮੁੰਬਈ ਵੰਦੇ ਭਾਰਤ ਐਕਸਪ੍ਰੈਸ ਜਾਲਨਾ ਤੋ ਸ੍ਰੀ ਹਜ਼ੂਰ ਸਾਹਿਬ ਤੱਕ ਵਧਾਉਣ 'ਤੇ ਸਿੱਖ ਸ਼ਰਧਾਲੂਆਂ ਵਿੱਚ ਖੁਸ਼ੀ ਦੀ ਲਹਿਰ- ਡਾ. ਵਿਜੇ ਸਤਬੀਰ ਸਿੰਘ



**ਅੰਮ੍ਰਿਤਸਰ**

ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਨੂੰ ਇੱਕ ਹੋਰ ਵੱਡਾ ਤੋਹਫ਼ਾ, ਜਿਸ ਵਿੱਚ ਗੁਰਦੁਆਰਾ ਬੋਰਡ ਅਤੇ ਸਿੱਖ ਭਾਈਚਾਰੇ ਦੀ ਮੰਗ ਨੂੰ ਸਵੀਕਾਰ ਕੀਤਾ ਗਿਆ ਕਿ ਵੰਦੇ ਭਾਰਤ ਐਕਸਪ੍ਰੈਸ ਨੰਦੇੜ ਤੱਕ ਵਧਾਇਆ ਜਾਵੇ। ਇਸ ਸਬੰਧ ਵਿੱਚ, ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ, ਰੇਲ ਮੰਤਰੀ ਅਸ਼ਵਨੀ ਵੈਸ਼ਨਵ, ਰੇਲ ਰਾਜ ਮੰਤਰੀ ਐਸ. ਰਵਨੀਤ ਸਿੰਘ ਬਿੱਟੂ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦੇ ਫੈਸਲੇ ਦਾ ਗੁਰਦੁਆਰਾ ਬੋਰਡ ਦੇ ਪ੍ਰਸ਼ਾਸਕ ਡਾ. ਵਿਜੇ ਸਤਬੀਰ ਸਿੰਘ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮਹਾਰਾਸ਼ਟਰ ਅਤੇ ਪੂਰੇ ਭਾਰਤ ਦੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਅਤੇ ਖੁਸ਼ੀ ਦੇ ਪਲ ਹਨ। ਇਸ ਵਿਸਥਾਰ ਨਾਲ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਅਤੇ ਆਰਾਮ ਨਾਲ ਯਾਤਰਾ ਕਰਨ ਵਿੱਚ ਬਹੁਤ ਮਦਦ ਮਿਲੇਗੀ। ਇਥੇ ਇਹ ਜ਼ਿਕਰਯੋਗ ਹੈ ਕਿ ਵੰਦੇ ਭਾਰਤ ਟ?ਰੇਨ ਨੰਬਰ 20705 ਨੰਦੇੜ ਤੋਂ ਸਵੇਰੇ 5 ਵਜੇ ਰਵਾਨਾ ਹੋਵੇਗੀ ਅਤੇ ਦੁਪਹਿਰ 2.25 ਵਜੇ ਮੁੰਬਈ ਪਹੁੰਚੇਗੀ। ਇਸੇ ਤਰ੍ਹਾਂ, ਟ?ਰੇਨ ਨੰਬਰ 20706 ਮੁੰਬਈ ਤੋਂ ਦੁਪਹਿਰ 0 4 1.10 ਵਜੇ ਰਵਾਨਾ ਹੋਵੇਗੀ ਅਤੇ ਰਾਤ 10.50 ਵਜੇ ਨਾਂਦੇੜ ਪਹੁੰਚੇਗੀ।

# ਜਿਲਾ ਮੈਜਿਸਟਰੇਟ ਨੇ ਪੂਰੇ ਮੋਹਾਲੀ ਜਿਲੇ ਵਿੱਚ ਲਗਾਈਆਂ ਸਖਤ ਪਾਬੰਦੀਆਂ

**ਮੋਹਾਲੀ**



ਸ੍ਰੀਮਤੀ ਕੋਮਲ ਮਿੱਤਲ, ਜ਼ਿਲ੍ਹਾ ਮੈਜਿਸਟ?ਰੇਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ 'ਦ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11 (ਅਧੀਨ ਧਾਰਾ 163), ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦੀਆਂ ਸਮੂਹ ਪਾਣੀ ਵਾਲੀਆਂ ਟੈਂਕੀਆਂ, ਟਿਊਬਵੈਲਾਂ, ਟੈਲੀਫੋਨ ਟਾਵਰਾਂ, ਸਰਕਾਰੀ/ਨਿੱਜੀ ਇਮਾਰਤਾਂ ਤੇ ਚੜ੍ਹਨ ਅਤੇ ਇਨ੍ਹਾਂ ਦੇ ਆਲੇ-ਦੁਆਲੇ ਧਰਨੇ/ਰੈਲੀਆਂ ਕਰਨ, ਸੜਕਾਂ ਆਦਿ ਜਾਮ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 11 ਜੂਨ 2025 ਤੋਂ 10 ਅਗਸਤ 2025 ਤੱਕ ਲਾਗੂ ਰਹਿਣਗੇ। ਇਥੇ ਇਹ ਵਰਨਣਯੋਗ ਹੈ ਕਿ ਸੀਨੀਅਰ ਕਪਤਾਨ ਪੁਲਿਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਜ਼ਿਲ੍ਹਾ ਮੈਜਿਸਟ?ਰੇਟ ਐਸ.ਏ.ਐਸ ਨਗਰ ਦੇ ਇਹ ਧਿਆਨ ਵਿਚ ਲਿਆਂਦਾ ਗਿਆ ਕਿ ਵੱਖ-ਵੱਖ ਕਰਮਚਾਰੀ ਯੂਨੀਅਨਾਂ, ਬੇਰੁਜ਼ਗਾਰ ਆਦਿ ਯੂਨੀਅਨ/ਫੈਡਰੇਸ਼ਨਾਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਜ਼ਿਲ੍ਹੇ ਦੀਆਂ ਵੱਖ-ਵੱਖ ਪਾਣੀ ਵਾਲੀਆਂ ਟੈਂਕੀਆਂ, ਟੈਲੀਫ਼ੋਨ ਟਾਵਰਾਂ ਅਤੇ ਹੋਰ ਸਰਕਾਰੀ/ਨਿੱਜੀ ਇਮਾਰਤਾਂ ਉੱਤੇ ਚੜ੍ਹਕੇ ਅਤੇ ਸੜਕਾਂ ਆਦਿ ਤੇ ਜਾਮ ਲਗਾਕੇ ਧਰਨਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸਬੰਧਤ ਪ੍ਰਦਰਸ਼ਨਕਾਰੀ ਆਪਣੀ ਜ਼ਿੰਦਗੀ ਨੂੰ ਵੀ ਖਤਰੇ ਵਿੱਚ ਪਾਉਂਦੇ ਹਨ ਅਤੇ ਅਮਨ ਤੇ ਕਾਨੂੰਨ ਦੀ ਸਥਿਤੀ ਭੰਗ ਵੀ ਹੋ ਸਕਦੀ ਹੈ। ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ।

**ਏਅਰ ਫੋਰਸ ਸਟੇਸ਼ਨ ਤੋਂ ਇਕ ਹਜ਼ਾਰ ਮੀਟਰ ਏਰੀਏ ਦੇ ਆਲੇ-ਦੁਆਲੇ ਮਾਸਾਹਾਰੀ ਦੁਕਾਨਾਂ ਚਲਾਉਣ ਅਤੇ ਰਹਿੰਦ-ਖ਼ੂੰਹਦ ਸੁੱਟਣ 'ਤੇ ਪਾਬੰਦੀ :**

ਸ੍ਰੀਮਤੀ ਕੋਮਲ ਮਿੱਤਲ ਨੇ 'ਦ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11 (ਅਧੀਨ ਧਾਰਾ 163) ਜ਼ਿਲ੍ਹੇ ਦੇ ਏਅਰ ਫੋਰਸ ਸਟੇਸ਼ਨ ਤੋਂ ਇਕ ਹਜ਼ਾਰ ਮੀਟਰ ਏਰੀਏ (ਜ਼ਿਲ੍ਹੇ ਦੀ ਹਦੂਦ ਅੰਦਰ) ਦੇ ਆਲੇ-ਦੁਆਲੇ ਮਾਸਾਹਾਰੀ ਦੁਕਾਨਾਂ ਚਲਾਉਣ ਅਤੇ ਇਸ ਦੀ ਰਹਿੰਦ-ਖ਼ੂੰਹਦ ਨੂੰ ਸੁੱਟਣ 'ਤੇ ਪੂਰਨ ਤੌਰ ਉਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ ਤਾਂ ਜੋ ਹਵਾਈ ਜਹਾਜ਼ਾਂ ਨਾਲ ਕੋਈ ਹਾਦਸਾ ਨਾ ਵਾਪਰੇ, ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਵੇ।

ਇਹ ਹੁਕਮ 11 ਜੂਨ 2025 ਤੋਂ 10 ਅਗਸਤ, 2025 ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟ?ਰੇਟ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਧਿਆਨ ਵਿੱਚ ਆਇਆ ਹੈ ਕਿ ਏਅਰ ਫੋਰਸ ਸਟੇਸ਼ਨ ਦੇ ਆਲੇ ਦੁਆਲੇ ਆਮ ਜਨਤਾ ਵਲੋਂ ਕਈ ਖਾਣ-ਪੀਣ ਦੀਆਂ ਦੁਕਾਨਾਂ ਖੋਲੀਆਂ ਹੋਈਆਂ ਹਨ, ਉਨ੍ਹਾਂ ਵਲੋਂ ਇਨ੍ਹਾਂ ਵਸਤਾਂ ਦੀ ਰਹਿੰਦ-ਖ਼ੂਹੰਦ ਖੁੱਲ੍ਹੇ ਵਿਚ ਹੀ ਸੁੱਟ ਦਿੱਤੀ ਜਾਂਦੀ ਹੈ, ਜਿਸ ਕਰਕੇ ਏਅਰ ਫੋਰਸ ਦੇ ਏਰੀਏ ਵਿਚ ਮਾਸਾਹਾਰੀ ਪੰਛੀ ਉਡਦੇ ਰਹਿੰਦੇ ਹਨ।

ਇਨ੍ਹਾਂ ਦੇ ਉਡਣ ਨਾਲ ਕਿਸੇ ਵੀ ਸਮੇਂ ਹਵਾਈ ਜਹਾਜ਼ ਨਾਲ ਟਕਰਾਉਣ ਕਰਕੇ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਜੋ ਕਿ ਰਾਸ਼ਟਰੀ ਸੁਰੱਖਿਆ ਲਈ ਵੀ ਖਤਰੇ ਦਾ ਕਾਰਨ ਬਣਦਾ ਹੈ ਅਤੇ ਸੈਨਾ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਵਿਚ ਵੀ ਵਿਘਨ ਪੈਦਾ ਕਰਦਾ ਹੈ। ਇਸ ਦੇ ਫਲਸਰੂਪ ਅਮਨ ਅਤੇ ਕਾਨੂੰਨ ਦੀ ਸਥਿਤੀ ਵੀ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਸਥਿਤੀ ਦੇ ਮੱਦੇਨਜ਼ਰ ਇਨ੍ਹਾਂ ਕਾਰਵਾਈਆਂ ਨੂੰ ਰੋਕਣ ਲਈ ਇਹ ਹੁਕਮ ਲਾਗੂ ਕੀਤੇ ਗਏ ਹਨ।

**ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪਾਬੰਦੀ :**

ਜ਼ਿਲ੍ਹੇ 'ਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਜ਼ਿਲ੍ਹਾ ਮੈਜਿਸਟ?ਰੇਟ ਸ੍ਰੀਮਤੀ ਕੋਮਲ ਮਿੱਤਲ ਨੇ 'ਦ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11 (ਅਧੀਨ ਧਾਰਾ 163), ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਦੇ ਨਾਲ-ਨਾਲ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਮੁਕੰਮਲ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ਦੀ ਪੂਰਨ ਮਨਾਹੀ ਹੋਵੇਗੀ ਅਤੇ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਰਹੇਗੀ।

ਜ਼ਿਲ੍ਹਾ ਮੈਜਿਸਟ?ਰੇਟ ਨੇ ਕਿਹਾ ਕਿ ਜੇਕਰ ਕੋਈ ਵੀ ਆਮ ਅਤੇ ਖਾਸ, ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ 11 ਜੂਨ 2025 ਤੋਂ 10 ਅਗਸਤ 2025 ਤੱਕ ਲਾਗੂ ਰਹਿਣਗੇ।

**ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਅੰਦਰ ਤੇ ਬਾਹਰ 100 ਮੀਟਰ ਦੇ ਘੇਰੇ ਵਿੱਚ ਧਰਨੇ, ਰੈਲੀਆਂ ਕਰਨ ਉਤੇ ਪਾਬੰਦੀ :**

ਸ੍ਰੀਮਤੀ ਕੋਮਲ ਮਿੱਤਲ ਨੇ 'ਦ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11 (ਅਧੀਨ ਧਾਰਾ 163), ਅਧੀਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਚਾਰਦੀਵਾਰੀ ਦੇ ਅੰਦਰ ਅਤੇ ਚਾਰਦੀਵਾਰੀ ਦੇ ਬਾਹਰ 100 ਮੀਟਰ ਤੱਕ ਦੇ ਘੇਰੇ ਵਿੱਚ ਧਰਨੇ ਅਤੇ ਰੈਲੀਆਂ ਕਰਨ ਉਤੇ ਪੂਰਨ ਤੌਰ ਉਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ ।

ਇਨ੍ਹਾਂ ਹੁਕਮਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਮੈਮੋਰੰਡਮ ਵਗੈਰਾ ਦੇਣ ਲਈ ਣਗੇ।

ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਧਿਆਨ ਵਿੱਚ ਆਇਆ ਹੈ ਕਿ ਆਮ ਤੌਰ ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ 76, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਬਿਲਡਿੰਗ ਦੇ ਆਲੇ ਦੁਆਲੇ ਆਮ ਜਨਤਾ, ਰਾਜਸੀ ਪਾਰਟੀਆਂ ਅਤੇ ਕਰਮਚਾਰੀ ਸੰਗਠਨਾਂ ਆਦਿ ਵੱਲੋਂ ਰੈਲੀਆਂ ਧਰਨੇ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਦਫ਼ਤਰ ਵਿੱਚ ਕੰਮ ਕਰਦੇ ਕਰਮਚਾਰੀਆਂ ਅਤੇ ਆਮ ਜਨਤਾ ਨੂੰ ਦਫ਼ਤਰ ਵਿੱਚ ਆਉਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ।

ਇਸ ਤੋਂ ਇਲਾਵਾ ਅਜਿਹਾ ਕਰਨ ਨਾਲ ਬਿਲਡਿੰਗ ਨੂੰ ਨੁਕਸਾਨ ਵੀ ਪਹੁੰਚ ਸਕਦਾ ਹੈ, ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵੀ ਭੰਗ ਹੋ ਸਕਦੀ ਹੈ। ਇਸ ਸਥਿਤੀ ਦੇ ਮੱਦੇ ਨਜ਼ਰ ਇਨ੍ਹਾਂ ਕਾਰਵਾਈਆਂ ਨੂੰ ਰੋਕਣ ਲਈ ਇਹ ਹੁਕਮ ਲਾਗੂ ਕੀਤੇ ਗਏ ਹਨ।